ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2339 | 9 January, 2026 Friday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260


## ਵਰਕ ਪਰਮਿਟ ਖ਼ਤਮ ਹੋਣ ਕਾਰਨ ਕੈਨੇਡਾ 'ਚ ਰਹਿ ਰਹੇ 10 ਲੱਖ ਭਾਰਤੀ ਗੈਰ-ਕਾਨੂੰਨੀ ਹੋ ਜਾਣਗੇ?

**ਓਟਵਾ**
**ਸਾਂਝੀ ਸੋਚ ਬਿਊਰੋ**

ਸਾਲ 2026 ਕੈਨੇਡਾ ਵਿਚ ਰਹਿ ਰਹੇ ਲੱਖਾਂ ਵਿਦੇਸ਼ੀ ਕਾਮਿਆਂ ਅਤੇ ਖਾਸ ਕਰਕੇ ਭਾਰਤੀਆਂ ਲਈ ਬਹੁਤ ਚੁਣੌਤੀਪੂਰਨ ਹੋਣ ਵਾਲਾ ਹੈ। ਸੂਤਰਾਂ ਅਨੁਸਾਰ ਸਾਲ 2025 ਅਤੇ 2026 ਦੌਰਾਨ ਵੱਡੀ ਗਿਣਤੀ ਵਿਚ ਵਰਕ ਪਰਮਿਟ ਖ਼ਤਮ ਹੋਣ ਕਾਰਨ ਲਗਭਗ 10 ਲੱਖ ਭਾਰਤੀਆਂ ਦੇ ਗੈਰ-ਕਾਨੂੰਨੀ ਹੋਣ ਦਾ ਖ਼ਤਰਾ ਪੈਦਾ ਹੋ ਗਿਆ ਹੈ ਤੇ ਉਨ੍ਹਾਂ ਦੇ ਸਿਰ 'ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਸਕਦੀ ਹੈ। 2025 ਦੇ ਅੰਤ ਤੱਕ ਲਗਭਗ 10 ਲੱਖ ਵਰਕ ਪਰਮਿਟ ਐਕਸਪਾਇਰ ਹੋ ਚੁੱਕੇ ਹੋਣਗੇ ਅਤੇ 2026 ਵਿਚ ਹੋਰ 9 ਲੱਖ ਪਰਮਿਟ ਖਤਮ ਹੋਣ ਦੀ ਸੰਭਾਵਨਾ ਹੈ। ਇਸ ਸਥਿਤੀ ਨੂੰ 'ਵਰਕ-ਪਰਮਿਟ ਕਲਿਫ' ਕਿਹਾ ਜਾ ਰਿਹਾ ਹੈ।

ਕੈਨੇਡਾ ਵਿਚ ਭਾਰਤੀ ਕਾਮਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਖਾਸ ਕਰਕੇ ਤਕਨੀਕੀ, ਸਿਹਤ ਸੇਵਾਵਾਂ ਅਤੇ ਹੋਟਲ ਇੰਡਸਟਰੀ 'ਚ। ਅਨੁਮਾਨ ਹੈ ਕਿ ਵਰਕ ਪਰਮਿਟ ਖ਼ਤਮ ਹੋਣ ਮਗਰੋਂ ਕਾਨੂੰਨੀ ਦਰਜਾ ਗੁਆਉਣ ਵਾਲੇ ਲੋਕਾਂ ਵਿਚੋਂ ਲਗਭਗ ਅੱਧੇ ਭਾਰਤੀ ਹੋ ਸਕਦੇ ਹਨ।

ਪਰਮਾਨੈਂਟ ਰੈਜ਼ੀਡੈਂਟ (ਪੀ.ਆਰ.) ਦੇ ਰਾਹ ਸਖ਼ਤ ਹੋਣਾ, ਵੀਜ਼ਾ ਐਕਸਟੈਂਸ਼ਨ ਵਿਚ ਦੇਰੀ ਅਤੇ ਕੈਨੇਡਾ ਸਰਕਾਰ ਦੁਆਰਾ ਪ੍ਰਵਾਸੀਆਂ ਦੀ ਗਿਣਤੀ ਨੂੰ ਕਾਬੂ ਕਰਨ ਦੀਆਂ ਨਵੀਆਂ ਨੀਤੀਆਂ ਇਸ ਸੰਕਟ ਦੇ ਮੁੱਖ ਕਾਰਨ ਹਨ। ਸਥਿਤੀ ਇੰਨੀ ਗੰਭੀਰ ਹੋ ਰਹੀ ਹੈ ਕਿ ਗ੍ਰੇਟਰ ਟੋਰਾਂਟੋ ਏਰੀਆ, ਬਰੈਂਪਟਨ ਅਤੇ ਮਿਸੀਸਾਗਾ ਵਰਗੇ ਇਲਾਕਿਆਂ ਵਿਚ ਲੋਕਾਂ ਨੂੰ ਵਾਧੂ ਕਿਰਾਏ ਅਤੇ ਰੋਜ਼ਗਾਰ ਦੀ ਘਾਟ ਕਾਰਨ ਟੈਂਟਾਂ ਵਿਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ।




ਇਸ ਦਾ ਸਭ ਤੋਂ ਵੱਧ ਅਸਰ ਭਾਰਤੀ ਵਿਦਿਆਰਥੀਆਂ, ਟਰੱਕ ਡਰਾਈਵਰਾਂ, ਫੈਕਟਰੀ ਵਰਕਰਾਂ ਅਤੇ ਡਿਲੀਵਰੀ ਸੈਕਟਰ ਵਿਚ ਕੰਮ ਕਰਨ ਵਾਲਿਆਂ 'ਤੇ ਪੈ ਰਿਹਾ ਹੈ। ਜੇਕਰ ਸਰਕਾਰ ਵੱਲੋਂ ਕੋਈ ਠੋਸ ਨੀਤੀ ਜਾਂ ਰਾਹਤ ਨਾ ਦਿੱਤੀ ਗਈ ਤਾਂ 2026 ਦੇ ਮੱਧ ਤੱਕ ਕੈਨੇਡਾ ਵਿਚ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਦੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਿਚ ਭਾਰੀ ਵਾਧਾ ਹੋ ਸਕਦਾ ਹੈ।


Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Space available for Ad
Contact # +1 (209) 303-1260

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਹਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Inderjeet Singh Mann
CA Lic# 0H82488
Anthem
Certified Insurance Agent
Ph.: (916) 900-2000

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**





Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS

**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ

★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**

**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

EQUAL HOUSING OPPORTUNITY



**Apply online at www.lendingassets.com and check out the live lowest rates on our website**


OPEN
NOW HIRING
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH
www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਆਦਰਸ਼ਕ ਅਧਿਆਪਕ ਵਜੋਂ ਜਾਣੇ ਜਾਂਦੇ ਸਨ ਮੇਰੇ ਪਿਤਾ ਜੀ



8 ਜਨਵਰੀ ਨੂੰ ਮੇਰੇ ਪਿਤਾ ਜੀ (ਗਿਆਨੀ ਕਰਤਾਰ ਸਿੰਘ) ਦਾ ਜਨਮ-ਦਿਵਸ ਹੁੰਦਾ ਹੈ। ਉਹ 2013 ਦੀ 22 ਮਈ ਨੂੰ ਕਰੀਬ 92 ਸਾਲ ਦੀ ਉਮਰ ਵਿੱਚ ਰੁਖ਼ਸਤ ਹੋ ਗਏ ਸਨ। ਮੇਰੇ ਪਿਤਾ ਬਹੁਤ ਹੀ ਨਿਮਨ, ਸਾਧਾਰਨ, ਕਿਰਤੀ ਪਰਿਵਾਰ ਵਿੱਚ 1921 ਈ. ਨੂੰ ਪੈਦਾ ਹੋਏ ਸਨ। ਚਾਰ ਭਰਾਵਾਂ ਤੇ ਦੋ ਭੈਣਾਂ ਵਿੱਚੋਂ ਮੇਰੇ ਪਿਤਾ ਦਾ ਚੌਥਾ ਸਥਾਨ ਸੀ। ਯਾਨੀ ਇੱਕ ਭਰਾ ਤੇ ਇਕ ਭੈਣ ਪਿਤਾ ਜੀ ਤੋਂ ਛੋਟੇ ਸਨ, ਇਕ ਭੈਣ ਤੇ ਦੋ ਭਰਾ ਵੱਡੇ। ਪਿਤਾ ਜੀ ਦੇ ਪਰਿਵਾਰ ਕੋਲ ਬਹੁਤ ਹੀ ਘੱਟ ਜ਼ਮੀਨ ਸੀ, ਜਿਸ ਨਾਲ ਇੱਕ ਵੱਡੇ ਪਰਿਵਾਰ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਹੁੰਦਾ ਸੀ।

ਮੇਰੇ ਪਿਤਾ ਜੀ ਹੀ ਆਪਣੇ ਪਰਿਵਾਰ ਵਿੱਚ ਸਭ ਤੋਂ ਵੱਧ ਪੜ੍ਹੇ ਹੋਏ ਸਨ। ਸਿਰਫ਼ ਪੜ੍ਹੇ ਹੋਏ ਹੀ ਨਹੀਂ, ਸਗੋਂ ਨੌਕਰੀ ਤੇ ਤਾਇਨਾਤ ਸਨ। ਪਿਤਾ ਜੀ ਦੇ ਮਾਤਾ-ਪਿਤਾ ਤਾਂ ਅਨਪੜ੍ਹ ਸਨ ਹੀ, ਬਾਕੀ ਭੈਣ-ਭਰਾ ਵੀ ਚਾਰ-ਪੰਜ ਜਮਾਤਾਂ ਤੋਂ ਵੱਧ ਨਹੀਂ ਪੜ੍ਹ ਸਕੇ ਤੇ ਉਹ ਮਾਮੂਲੀ ਛੋਟੇ-ਮੋਟੇ ਕੰਮ ਕਰਕੇ ਪਰਿਵਾਰ ਦਾ ਢਿੱਡ ਭਰਦੇ ਰਹੇ। ਮੇਰੇ ਪਿਤਾ ਨੇ ਘਰ ਦੇ ਕੰਮਾਂ ਵਿਚ ਹੱਥ ਵਟਾਉਂਦਿਆਂ ਵੀ ਪੜ੍ਹਨਾ ਜਾਰੀ ਰੱਖਿਆ ਅਤੇ ਪ੍ਰਾਇਮਰੀ ਤਕ ਦੀ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਅਗਲੇਰੀ ਪੜ੍ਹਾਈ ਲਈ ਉਹ ਆਪਣੀ ਭੂਆ ਕੋਲ ਮੁਕਤਸਰ ਚਲੇ ਗਏ ਜਿੱਥੇ ਬੜੀਆਂ ਹੀ ਮੁਸ਼ਕਲ ਪਰਿਸਥਿਤੀਆਂ ਵਿੱਚ ਉਨ੍ਹਾਂ ਨੇ ਖ਼ਾਲਸਾ ਹਾਈ ਸਕੂਲ ਤੋਂ ਦਸਵੀਂ ਦੀ ਪ੍ਰੀਖਿਆ ਚੰਗੇ ਅੰਕਾਂ ਵਿਚ ਪਾਸ ਕੀਤੀ। ਦਿਨ ਵੇਲ਼ੇ ਉਹ ਸਕੂਲ ਵਿਚ ਪੜ੍ਹਦੇ ਅਤੇ ਸ਼ਾਮ ਨੂੰ ਖੇਤਾਂ 'ਚੋਂ ਡੰਗਰ ਚਾਰ ਕੇ ਲਿਆਉਂਦੇ ਤੇ ਬਾਲਣ ਲਈ ਕੱਖ-ਕੰਡੇ ਤੋੜ ਕੇ ਲਿਆਉਂਦੇ।

1937 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਪਹਿਲੇ ਦਰਜੇ ਵਿੱਚ ਪਾਸ ਕਰਨ ਪਿੱਛੋਂ ਉਨ੍ਹਾਂ ਨੇ ਸੰਤ ਅਤਰ ਸਿੰਘ ਦੀ ਅਕਾਲ ਵਿੱਦਿਅਕ ਸੰਸਥਾ ਮਸਤੂਆਣਾ ਤੋਂ 1938 ਵਿੱਚ ਗਿਆਨੀ ਦਾ ਇਮਤਿਹਾਨ ਪਾਸ ਕਰ ਲਿਆ ਅਤੇ ਉਥੋਂ ਹੀ ਖੰਡੇ-ਬਾਟੇ ਦੀ ਪਾਹੁਲ ਵੀ ਪ੍ਰਾਪਤ ਕੀਤੀ। 1940-41 ਵਿਚ ਉਨ੍ਹਾਂ ਨੇ ਅੰਮ੍ਰਿਤਸਰ ਦੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਤੋਂ 'ਸਿੱਖ ਮਿਸ਼ਨਰੀ ਕੋਰਸ' ਪਾਸ ਕੀਤਾ। ਸਤੰਬਰ 1942 ਤੋਂ ਅਕਤੂਬਰ 1949 ਤਕ ਉਨ੍ਹਾਂ ਨੇ ਤਲਵੰਡੀ ਸਾਬੋ ਅਤੇ ਮੁਕਤਸਰ ਦੇ ਖ਼ਾਲਸਾ ਸਕੂਲਾਂ ਵਿੱਚ ਅਧਿਆਪਕ ਵਜੋਂ ਕਾਰਜ ਕੀਤਾ। (ਇਹ ਵੀ ਅਜਬ ਇਤਫ਼ਾਕ ਹੀ ਹੈ ਕਿ ਜਿੱਥੋਂ {ਤਲਵੰਡੀ ਸਾਬੋ ਤੋਂ} ਉਨ੍ਹਾਂ ਨੇ ਆਪਣੀ ਸੇਵਾ ਸ਼ੁਰੂ ਕੀਤੀ, ਉਥੇ ਹੀ ਮੈਂ ਆਪਣੀ ਸੇਵਾ ਖਤਮ ਕੀਤੀ।) ਅਤੇ 24 ਅਕਤੂਬਰ 1949 ਤੋਂ 31 ਜਨਵਰੀ 1979 ਤੱਕ ਕੋਟਕਪੂਰਾ, ਬਰਗਾੜੀ, ਮੁੱਦਕੀ, ਗੋਨਿਆਣਾ ਮੰਡੀ ਦੇ ਸਰਕਾਰੀ ਸਕੂਲਾਂ ਵਿੱਚ ਸੇਵਾ ਨਿਭਾਈ। ਅਧਿਆਪਨ ਦੌਰਾਨ ਹੀ ਉਨ੍ਹਾਂ ਨੇ ਓ.ਟੀ. ਪਾਸ ਕੀਤੀ ਅਤੇ ਸੀ. ਐਂਡ ਵੀ. (ਕਲਾਸੀਕਲ ਐਂਡ ਵਰਨੈਕੂਲਰ) ਅਧਿਆਪਕ ਵਜੋਂ ਕਰੀਬ ਤੀਹ ਸਾਲ ਪੰਜਾਬੀ ਅਧਿਆਪਕ ਵਜੋਂ ਕਾਰਜ ਕੀਤਾ। ਪਿਤਾ ਜੀ ਨੇ ਅਧਿਆਪਕ ਲੱਗ ਕੇ ਵੀ ਧਰਤੀ ਨਾਲੋਂ ਪੈਰ ਨਹੀਂ ਛੱਡੇ ਅਤੇ ਹਮੇਸ਼ਾ ਆਪਣੀਆਂ ਜੜ੍ਹਾਂ/ ਵਿਰਸੇ ਨਾਲ ਜੁੜੇ ਰਹੇ। ਉਨ੍ਹਾਂ ਨੇ ਸਾਰੀ ਉਮਰ ਸਾਧਾਰਨ ਕੁੜਤਾ-ਪਜਾਮਾ ਪਹਿਨਿਆ ਅਤੇ ਕਦੇ ਵੀ ਪੈਂਟ-ਸ਼ਰਟ ਦੀ ਵਰਤੋਂ ਨਹੀਂ ਕੀਤੀ। ਹਮੇਸ਼ਾ ਸਾਈਕਲ ਦੀ ਸਵਾਰੀ ਹੀ ਕੀਤੀ ਅਤੇ ਆਪਣੇ ਧੀਆਂ-ਪੁੱਤਰਾਂ ਦੇ ਵਿਆਹਾਂ ਵਿੱਚ ਵਿਖਾਵੇਬਾਜ਼ੀ ਜਾਂ ਅਡੰਬਰ ਤੋਂ ਕੋਹਾਂ ਦੂਰ ਰਹੇ। ਇਹ ਮੇਰੇ ਪਿਤਾ ਜੀ ਹੀ ਸਨ, ਜਿਨ੍ਹਾਂ ਨੇ ਆਪਣੇ ਸੱਤ ਧੀਆਂ ਪੁੱਤਰਾਂ (ਦੋ ਲੜਕੀਆਂ, ਪੰਜ ਲੜਕਿਆਂ) ਨੂੰ ਆਪਣੇ ਨਾਲੋਂ ਵੱਧ ਪੜ੍ਹਾਈ ਲਈ ਪ੍ਰੇਰਿਤ ਕੀਤਾ ਅਤੇ ਸਾਰਿਆਂ ਨੂੰ ਪੋਸਟਗ੍ਰੈਜੂਏਟ ਪੱਧਰ ਦੀ ਪੜ੍ਹਾਈ ਕਰਵਾਈ। ਮੇਰੇ ਮਾਤਾ ਜੀ ਬਿਲਕੁਲ ਅਨਪੜ੍ਹ ਸਨ ਤੇ ਸਿਰਫ਼ ਘਰ ਦੇ ਕੰਮਾਂ ਤੱਕ ਸੀਮਤ ਸਨ। ਪਰ ਪਿਤਾ ਜੀ ਨੇ ਆਪਣੀ ਥੋੜ੍ਹੀ ਤਨਖਾਹ ਰਾਹੀਂ ਘਰ ਦੇ ਸਾਰੇ ਖਰਚਿਆਂ ਦੇ ਨਾਲ-ਨਾਲ ਬੱਚਿਆਂ ਦੀ ਪੜ੍ਹਾਈ ਲਈ ਵੀ ਪੈਸਾ ਬਚਾਇਆ।

ਅਸੀਂ ਪੰਜ ਭਰਾਵਾਂ 'ਚੋਂ ਚਾਰਾਂ ਨੇ ਸਰਕਾਰੀ ਕਾਲਜਾਂ ਵਿੱਚ ਪ੍ਰੋਫ਼ੈਸਰ, ਇਕ ਨੇ ਬਿਜਲੀ ਬੋਰਡ ਵਿੱਚ ਉੱਚ ਅਧਿਕਾਰੀ; ਇਕ ਭੈਣ ਨੇ ਸਰਕਾਰੀ ਹਸਪਤਾਲ ਵਿਚ ਨਰਸਿੰਗ ਸਿਸਟਰ ਤੇ ਦੂਜੀ ਨੇ ਸਕੂਲ ਲਾਇਬਰੇਰੀਅਨ ਵਜੋਂ ਕਾਰਜ ਕੀਤਾ। ਪਿਤਾ ਜੀ ਚਾਹੁੰਦੇ, ਤਾਂ ਹੋਰ ਲੋਕਾਂ ਵਾਂਗ ਪੁੱਤਰਾਂ ਦੇ ਵਿਆਹਾਂ ਵਿੱਚ ਦਾਜ ਦੇ ਭੰਡਾਰ ਭਰ ਲੈਂਦੇ ਪਰ ਉਨ੍ਹਾਂ ਨੇ ਨਾ ਤਾਂ ਬਰਾਤ ਵਿੱਚ ਘਰ ਦੇ ਮੈਂਬਰਾਂ ਤੋਂ ਬਿਨਾਂ ਬਾਹਰਲੇ ਬੰਦੇ ਨੂੰ ਨਿਮੰਤਰਣ ਦਿੱਤਾ ਅਤੇ ਨਾ ਹੀ ਪੈਸੇ ਇਕੱਠੇ ਕਰਨ ਦੇ ਲਾਲਚ ਵਜੋਂ ਕੋਈ ਰਿਸੈਪਸ਼ਨ ਪਾਰਟੀ ਕੀਤੀ। ਸਾਧਾਰਨ ਢੰਗ ਨਾਲ ਘਰ ਵਿੱਚ ਰਹਿ ਕੇ ਹੀ ਸਾਰੇ ਵਿਆਹ ਕੀਤੇ ਅਤੇ ਕਿਸੇ ਹੋਟਲ/ ਮੈਰਿਜ ਪੈਲੇਸ ਦੀ ਜ਼ਰੂਰਤ ਨਹੀਂ ਸਮਝੀ।

ਸਾਡੇ ਕਿਸੇ ਭੈਣ-ਭਰਾ ਦੇ ਵਿਆਹ ਵਿੱਚ ਕੋਈ ਲਾਊਡ- ਸਪੀਕਰ, ਕੋਈ ਨਾਚ-ਗਾਣੇ ਜਾਂ ਢੋਲ ਢਮੱਕਾ ਨਹੀਂ ਵੱਜਿਆ। ਘਰ ਦੇ ਮੈਂਬਰ ਚੁੱਪ-ਚੁਪੀਤੇ ਜਾਂਦੇ, ਵਿਆਹ ਪਿੱਛੋਂ ਚੁੱਪ-ਚੁਪੀਤੇ ਆ ਜਾਂਦੇ। ਗਲੀ-ਗੁਆਂਢ ਵਿੱਚ ਮੇਰੇ ਮਾਤਾ ਜੀ ਮੂੰਹ ਮਿੱਠਾ ਕਰਵਾਉਣ ਦੇ ਮੰਤਵ ਵਜੋਂ ਲੱਡੂ ਜ਼ਰੂਰ ਵੰਡ ਕੇ ਆਉਂਦੇ, ਪਰ ਕਿਸੇ ਤੋਂ ਸ਼ਗਨ ਦੀ ਝਾਕ ਨਹੀਂ ਰੱਖੀ।

ਪਿਤਾ ਜੀ ਨੇ ਸਾਰੀ ਉਮਰ ਆਪਣੇ ਲਈ ਕੋਈ ਜ਼ਮੀਨ, ਜਾਇਦਾਦ ਜਾਂ ਘਰ ਨਹੀਂ ਬਣਾਇਆ ਅਤੇ ਸਾਰੀ ਜ਼ਿੰਦਗੀ ਕਿਰਾਏ ਦੇ ਮਕਾਨਾਂ ਵਿਚ ਲੰਘਾ ਦਿੱਤੀ। ਜਦੋਂ ਕਦੇ ਵੀ ਪਰਿਵਾਰ ਵਿੱਚ ਘਰ ਬਣਾਉਣ ਬਾਰੇ ਗੱਲ ਚਲਦੀ, ਉਹ ਗੁਰਬਾਣੀ 'ਚੋਂ ਫੁਰਮਾਨ ਸੁਣਾ ਕੇ ਸਭ ਨੂੰ ਖਾਮੋਸ਼ ਕਰ ਦਿੰਦੇ:

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਂਦੇ ਭੀ ਗਏ॥
ਕੂੜਾ ਸਉਦਾ ਕਰ ਗਏ ਗੋਰੀਂ ਆਇ ਪਏ॥

ਘਰ ਵਿੱਚ ਵਿਹਲੇ ਰਹਿ ਕੇ ਵਕਤ ਲੰਘਾਉਣਾ ਉਨ੍ਹਾਂ ਨੂੰ ਪਸੰਦ ਨਹੀਂ ਸੀ, ਇਸ ਲਈ ਉਹ ਕਿਤਾਬਾਂ, ਅਖ਼ਬਾਰਾਂ, ਮੈਗਜ਼ੀਨਾਂ ਨੂੰ ਪੜ੍ਹਦੇ ਅਤੇ ਉਨ੍ਹਾਂ 'ਚੋਂ ਚੰਗੀਆਂ ਗੱਲਾਂ ਨੋਟ ਕਰ ਕੇ ਜਾਂ ਕਟਿੰਗ ਕਰਕੇ ਫਾਈਲਾਂ ਵਿੱਚ ਸੰਭਾਲ ਲੈਂਦੇ। ਉਨ੍ਹਾਂ ਦੀਆਂ ਅਜਿਹੀਆਂ ਸਿੱਖਿਆਦਾਇਕ ਕਤਰਨਾਂ ਜਿਨ੍ਹਾਂ ਵਿੱਚ ਸਿਹਤ ਤੇ ਸਿੱਖਿਆ ਦੀ ਗਿਣਤੀ ਵਧੇਰੇ ਹੈ ਦੀਆਂ ਪੰਜ ਫਾਈਲਾਂ ਅਜੇ ਤੱਕ ਮੇਰੇ ਕੋਲ ਸੰਭਾਲੀਆਂ ਹੋਈਆਂ ਹਨ।

ਪਿਤਾ ਜੀ ਨੇ ਸਾਰੀ ਜ਼ਿੰਦਗੀ ਕਦੇ ਵੀ ਕੋਈ ਨਸ਼ਾ ਨਹੀਂ ਕੀਤਾ ਅਤੇ ਨਾ ਹੀ ਉਨ੍ਹਾਂ ਨੇ ਗੱਪਾਂ ਮਾਰ ਕੇ, ਤਾਸ਼/ ਜੂਆ ਖੇਡ ਕੇ, ਖੁੰਢਾਂ ਤੇ ਬਹਿ ਕੇ 'ਟਾਈਮ ਪਾਸ' ਕੀਤਾ। ਉਨ੍ਹਾਂ ਦਾ ਮੰਤਵ ਤਾਂ ਸਾਫ਼ ਤੇ ਸਪਸ਼ਟ ਸੀ- ਬੱਚਿਆਂ ਨੂੰ ਚੰਗਾ ਪੜ੍ਹਾ-ਲਿਖਾ ਕੇ ਸੈੱਟ ਕਰਨਾ ਅਤੇ ਸੁਖਾਵੀਂ ਤੇ ਨਰੋਈ ਜ਼ਿੰਦਗੀ ਬਤੀਤ ਕਰਨਾ। ਉਨ੍ਹਾਂ ਨੇ ਗੁਰਬਖਸ਼ ਸਿੰਘ ਪ੍ਰੀਤਲੜੀ ਦੇ 'ਸੁਖਾਵੀਂ ਸੁਧਰੀ ਜ਼ਿੰਦਗੀ' ਦੇ ਫਲਸਫੇ ਨੂੰ ਆਪਣਾ ਆਦਰਸ਼ ਬਣਾਇਆ ਸੀ ਤੇ ਜੀਵਨ ਨੂੰ ਤੰਦਰੁਸਤ ਰੱਖਣ ਦੇ ਕੁਦਰਤੀ ਢੰਗ-ਤਰੀਕਿਆਂ ਦੀ ਵਰਤੋਂ ਕਰਦੇ ਸਨ। ਉਨ੍ਹਾਂ ਨੇ ਆਪਣੇ ਜੀਵਨ ਵਿੱਚ ਦਵਾਈ ਦੀ ਬਹੁਤ ਹੀ ਘੱਟ ਵਰਤੋਂ ਕੀਤੀ ਅਤੇ ਜ਼ਿੰਦਗੀ ਦੇ ਆਖ਼ਰੀ ਦਿਨ ਤਕ ਸਾਰੇ ਕੰਮ ਆਪਣੇ ਹੱਥੀਂ ਕਰਦੇ ਰਹੇ। ਭਾਸ਼ਾ-ਅਧਿਆਪਕ ਹੋਣ ਕਰਕੇ ਪਿਤਾ ਜੀ ਸੁੰਦਰ ਲਿਖਾਈ ਪ੍ਰਤੀ ਸੁਚੇਤ ਰਹੇ। ਉਨ੍ਹਾਂ ਦੀ ਆਪਣੀ ਲਿਖਾਈ ਬਹੁਤ ਖ਼ੂਬਸੂਰਤ ਸੀ, ਜਿਸ ਦਾ ਪ੍ਰਭਾਵ ਅਸੀਂ, ਬੱਚਿਆਂ ਨੇ ਵੀ ਕਬੂਲ ਕੀਤਾ। ਅਸੀਂ ਚਾਰ ਭਰਾਵਾਂ ਨੇ ਪ੍ਰੋਫ਼ੈਸਰ ਬਣਨ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ 1962 ਤੋਂ 1984 ਤੱਕ ਵੱਖ-ਵੱਖ ਸਮੇਂ ਕੈਲੀਗ੍ਰਾਫਿਸਟ ਵਜੋਂ ਕਾਰਜ ਕੀਤਾ। ਪਿਤਾ ਜੀ ਆਪਣੇ ਵਿਦਿਆਰਥੀਆਂ ਨੂੰ ਕਾਨੇ ਦੀ ਕਲਮ ਰਾਹੀਂ ਲਿਖਣ ਦੀ ਪ੍ਰੇਰਨਾ ਤੇ ਜਾਚ ਦੱਸਦੇ ਰਹੇ। ਸੁੰਦਰ ਲਿਖਾਈ ਦੀ ਇੱਕ ਦਿਲਚਸਪ ਘਟਨਾ ਦਾ ਇੱਥੇ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ: ਇਹ ਮੁਕਤਸਰ ਦੀ ਗੱਲ ਹੈ। ਛੁੱਟੀ ਵਾਲੇ ਦਿਨ ਪਿਤਾ ਜੀ ਸਾਨੂੰ ਗੁਰਦੁਆਰਾ ਟੁੱਟੀ ਗੰਢੀ ਲੈ ਜਾਂਦੇ ਤੇ ਸਰੋਵਰ ਦੀ ਪਰਿਕਰਮਾ ਤੇ ਲੱਗੇ ਰੁੱਖਾਂ ਹੇਠ ਬਹਿ ਕੇ ਅਸੀਂ ਫੱਟੀ ਤੇ ਸੁੰਦਰ ਲਿਖਾਈ ਲਿਖਦੇ, ਪਿਤਾ ਜੀ ਸੌਂ ਜਾਂਦੇ। ਇੱਕ ਵਾਰ ਇਉਂ ਹੀ ਮੇਰੇ ਵੱਡੇ ਭਰਾ ਨੇ ਫਟੀ ਲਿਖੀ ਅਤੇ ਫਿਰ ਖੇਡਣ ਲੱਗ ਪਿਆ। ਕੋਲੋਂ ਇੱਕ ਯਾਤਰੀ ਲੰਘਿਆ, ਉਹਨੇ ਫੱਟੀ ਤੇ ਕੀਤੀ ਸੁੰਦਰ ਲਿਖਾਈ ਵੇਖ ਕੇ ਪਿਤਾ ਜੀ ਨੂੰ ਸੁਆਲ ਕੀਤਾ, "ਮਾਸਟਰ ਜੀ, ਸਾਰੀ ਫੱਟੀ ਆਪ ਹੀ ਲਿਖ ਦਿੱਤੀ, ਬੱਚੇ ਨੂੰ ਵੀ ਕੁਝ ਸਿਖਾ ਦੇਣਾ ਸੀ!" ਉਸ ਯਾਤਰੀ ਨੇ ਸੋਚਿਆ ਸੀ ਕਿ ਇੰਨੀ ਸੁੰਦਰ ਲਿਖਾਈ ਤਾਂ ਬੱਚੇ ਦੀ ਹੋ ਨਹੀਂ ਸਕਦੀ। ਪਰ ਪਿਤਾ ਜੀ ਨੇ ਸਾਰੀ ਗੱਲ ਸਪਸ਼ਟ ਕੀਤੀ ਅਤੇ ਯਾਤਰੀ ਦੇ ਸਾਹਮਣੇ ਮੇਰੇ ਭਰਾ ਤੋਂ ਹੋਰ ਲਿਖਾਈ ਕਰਵਾ ਕੇ ਵਿਖਾਈ।

ਉਨ੍ਹਾਂ ਦੀ ਇੱਕ ਹੋਰ ਵੱਡੀ ਖ਼ੂਬੀ ਸਟੇਜ ਸੰਭਾਲਣ ਦੀ ਸੀ। ਸਕੂਲ ਵਿੱਚ ਕੋਈ ਵੀ ਸਮਾਗਮ ਹੁੰਦਾ ਤਾਂ ਪਿਤਾ ਜੀ ਨੂੰ ਹੀ ਇਹ ਜ਼ਿੰਮੇਵਾਰੀ ਦਿੱਤੀ ਜਾਂਦੀ। ਪਿਛਲੇ ਦਿਨੀਂ ਪੰਜਾਬੀ ਦੇ ਇੱਕ ਨਾਮਵਰ ਲੇਖਕ ਅਤੇ ਸਾਬਕਾ ਆਈਏਐੱਸ ਅਧਿਕਾਰੀ ਸ਼੍ਰੀ ਜੰਗ ਬਹਾਦਰ ਗੋਇਲ ਨਾਲ ਫੋਨ ਤੇ ਗੱਲਬਾਤ ਹੋਈ ਤਾਂ ਉਨ੍ਹਾਂ ਨੇ ਦੱਸਿਆ ਕਿ ਉਹ 1974 ਵਿੱਚ ਗੋਨਿਆਣਾ ਮੰਡੀ ਦੇ ਸਕੂਲ ਵਿੱਚ 'ਮੋਟੀਵੇਸ਼ਨਲ ਲੈਕਚਰ' ਦੇਣ ਗਏ ਸਨ, ਜਿੱਥੇ ਉਨ੍ਹਾਂ ਦੇ ਵੱਡੇ ਭਰਾ ਸ਼੍ਰੀ ਪਿਆਰੇ ਲਾਲ ਗੋਇਲ ਹੈੱਡਮਾਸਟਰ ਸਨ। (ਇੱਥੇ ਹੀ ਮੇਰੇ ਪਿਤਾ ਜੀ ਅਧਿਆਪਕ ਸਨ)। ਜੰਗ ਬਹਾਦਰ ਗੋਇਲ ਨੇ ਮੈਨੂੰ ਜਾਣਕਾਰੀ ਦਿੱਤੀ ਕਿ ਉੱਥੇ ਗਿਆਨੀ ਜੀ (ਯਾਨੀ ਮੇਰੇ ਪਿਤਾ ਜੀ) ਨੇ ਹੀ ਸਟੇਜ ਦੀ ਜ਼ਰੂਰੀ ਕਾਰਵਾਈ ਨਿਭਾਈ ਸੀ। ਪਿਤਾ ਜੀ ਦਾ ਇਹ ਗੁਣ ਵੀ ਮੇਰੇ ਵਿੱਚ ਆਪਣੇ ਆਪ ਆ ਗਿਆ ਹੈ। ਮੈਂ ਆਪਣੀ ਕਾਲਜ-ਅਧਿਆਪਕ ਦੀ ਨੌਕਰੀ ਦੌਰਾਨ ਹਰ ਸਮਾਗਮ ਸਮੇਂ ਮੰਚ ਸੰਚਾਲਨ ਕਰਦਾ ਰਿਹਾ ਹਾਂ। ਬੱਚੇ ਕੀ ਪੜ੍ਹਦੇ ਹਨ- ਇਸ ਬਾਰੇ ਵੀ ਪਿਤਾ ਜੀ ਪੂਰੀ ਤਰ੍ਹਾਂ ਸੁਚੇਤ ਰਹਿੰਦੇ। ਮੈਨੂੰ ਜੋ ਅਧਿਆਪਕ ਪੰਜਾਬੀ ਤੇ ਅੰਗਰੇਜ਼ੀ ਪੜ੍ਹਾਉਂਦੇ ਹਨ, ਉਨ੍ਹਾਂ ਦੀਆਂ ਗਲਤੀਆਂ ਬਾਰੇ ਅਧਿਆਪਕਾਂ ਨੂੰ ਜਾਣੂ ਕਰਵਾਉਂਦੇ ਰਹਿੰਦੇ। ਮੈਨੂੰ ਛੇਵੀਂ ਜਮਾਤ ਵਿੱਚ ਅੰਗਰੇਜ਼ੀ ਦੇ ਅਧਿਆਪਕ ਵੱਲੋਂ 'ਥ੍ਰਸਟੀ ਕ੍ਰੋਅ' ਕਹਾਣੀ ਵਿਚ ਲਿਖਵਾਇਆ ਗਿਆ- "ਹੀ ਸਕੁਐਂਚਡ ਹਿਜ਼ ਥ੍ਰੱਸਟ ਐਂਡ ਫਲੂ ਅਵੇਅ।" ਪਿਤਾ ਜੀ ਨੇ ਪਹਿਲਾਂ ਤਾਂ ਮੇਰੀ ਗਲਤੀ ਠੀਕ ਕੀਤੀ ਫਿਰ ਅਧਿਆਪਕ ਨੂੰ ਸਮਝਾਇਆ ਕਿ 'ਸਕੁਐਂਚਡ' ਸ਼ਬਦ ਨਹੀਂ ਹੁੰਦਾ, 'ਕੁਐਂਚਡ' ਹੁੰਦਾ ਹੈ। ਇਵੇਂ ਹੀ ਪੰਜਾਬੀ ਦੇ ਅਧਿਆਪਕ ਨੇ ਪ੍ਰੋ ਮੋਹਨ ਸਿੰਘ ਦੀ ਕਵਿਤਾ ਪੜ੍ਹਾਉਂਦਿਆਂ ਉਸ ਵਿਚਲੀ ਇਕ ਪੰਕਤੀ "ਅਸੀਂ ਕੁਣਕੇ ਖਾਧੇ ਰੱਜ ਕੇ" ਦੀ ਥਾਂ "ਅਸਾਂ ਕਣਕਾਂ ਖਾਧੀਆਂ ਰੱਜ ਕੇ" ਪੜ੍ਹਾਇਆ, ਤਾਂ ਪਿਤਾ ਜੀ ਨੇ ਉਹਨੂੰ ਸਮਝਾਇਆ ਕਿ ਇਹ ਸ਼ਬਦ "ਕੁਣਕੇ" ਹੀ ਹੈ, ਜਿਸ ਦਾ ਅਰਥ ਪ੍ਰਸ਼ਾਦ ਹੁੰਦਾ ਹੈ।

ਉਨ੍ਹਾਂ ਦਿਨਾਂ ਵਿਚ ਦੁਕਾਨਦਾਰਾਂ ਵੱਲੋਂ ਸਬਜ਼ੀ ਜਾਂ ਫਲ ਲਈ ਖਾਕੀ ਲਿਫਾਫੇ ਦਿੱਤੇ ਜਾਂਦੇ ਸਨ, ਅੱਜ ਵਾਂਗ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਹੀਂ ਸੀ ਹੁੰਦੀ। ਪਿਤਾ ਜੀ ਉਹ ਖ਼ਾਕੀ ਲਿਫ਼ਾਫ਼ੇ ਠੀਕ ਤਰਾਂ ਸਿੱਧੇ ਕਰਦੇ ਤੇ ਸਾਡੀਆਂ ਕਿਤਾਬਾਂ/ ਕਾਪੀਆਂ ਉੱਤੇ ਕਵਰ ਵਜੋਂ ਚੜ੍ਹਾਉਂਦੇ। ਉਨ੍ਹਾਂ ਦੇ ਚੜ੍ਹਾਏ ਕਵਰ ਵੱਖਰੀ ਕਿਸਮ ਦੇ ਹੁੰਦੇ ਸਨ, ਜਿਸ ਦੀ ਨਕਲ ਕਰਕੇ ਮੈਂ ਵੀ ਆਪਣੀ ਬੇਟੀ ਦੀਆਂ ਕਿਤਾਬਾਂ/ ਕਾਪੀਆਂ ਤੇ ਉਹੋ ਜਿਹੇ ਕਵਰ ਚੜ੍ਹਾਉਂਦਾ ਰਿਹਾ ਹਾਂ।

ਪਿਤਾ ਜੀ ਛੇਵੀਂ ਜਮਾਤ ਤੋਂ 80 ਸਾਲ ਦੀ ਉਮਰ ਤੱਕ ਸੇਵਾ-ਭਾਵਨਾ ਅਧੀਨ ਮਾਘੀ ਦੇ ਜੋੜ-ਮੇਲੇ ਤੇ ਦਰਬਾਰ ਸਾਹਿਬ ਮੁਕਤਸਰ ਵਿਖੇ ਸਾਈਕਲ ਅਤੇ ਗੱਠੜੀਆਂ ਸੰਭਾਲਣ ਦੀ ਸੇਵਾ ਕਰਦੇ ਰਹੇ ਤੇ ਉਨ੍ਹਾਂ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ਼ਤਿਹਾਰਾਂ ਵਿੱਚ ਛਪਦਾ ਰਿਹਾ। ਫਿਰ ਵਡੇਰੀ ਉਮਰ ਹੋਣ ਤੇ ਉਨ੍ਹਾਂ ਨੇ ਆਪ ਹੀ ਇਸ ਕਾਰਜ ਤੋਂ ਖਿਮਾ ਮੰਗ ਲਈ। ਗੁਰੂ ਸਾਹਿਬਾਨ ਦੇ ਗੁਰਪੁਰਬਾਂ, ਨਗਰ-ਕੀਰਤਨਾਂ, ਪ੍ਰਭਾਤ ਫੇਰੀਆਂ ਸਮੇਂ ਉਹ ਆਪਣੇ ਪਰਿਵਾਰਕ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਨਾਲ ਲਿਜਾ ਕੇ ਇਸ ਵਿੱਚ ਸ਼ਾਮਲ ਹੋਣਾ ਆਪਣਾ ਇਖ਼ਲਾਕੀ ਫਰਜ਼ ਸਮਝਦੇ ਰਹੇ।

ਇਹ ਸਹੀ ਹੈ ਕਿ ਕਿਸੇ ਵਿਅਕਤੀ/ ਚੀਜ਼ ਦੀ ਮਹੱਤਤਾ ਦਾ ਗਿਆਨ ਸਾਨੂੰ ਉਦੋਂ ਹੀ ਹੁੰਦਾ ਹੈ, ਜਦੋਂ ਉਹ ਸਾਡੇ ਕੋਲ ਨਾ ਰਹੇ। ਇਵੇਂ ਹੀ ਬਚਪਨ ਤੋਂ ਜੀਵਨ ਦੇ ਅੰਤ ਤਕ ਸਖ਼ਤ ਮਿਹਨਤ, ਸੰਘਰਸ਼ ਤੇ ਹਮੇਸ਼ਾ ਕੁਝ ਨਾ ਕੁਝ ਸਾਰਥਕ/ ਉਪਯੋਗੀ ਕਰਦੇ ਰਹਿਣ ਵਾਲੇ ਪਿਤਾ ਜੀ ਦੇ ਗਿਆਨ, ਸਿਆਣਪ, ਸਾਦਗੀ ਤੋਂ ਮਹਿਰੂਮ ਹੋ ਕੇ ਮੈਂ ਖ਼ੁਦ ਨੂੰ ਅੱਜ ਬੇਸਹਾਰਾ ਮਹਿਸੂਸ ਕਰ ਰਿਹਾ ਹਾਂ। ਪਰ ਉਨ੍ਹਾਂ ਦਾ ਗਿਆਨ/ ਉਪਦੇਸ਼ ਸਦਾ ਮੇਰੇ ਅੰਗਸੰਗ ਹੈ, ਜਿਸ ਕਰਕੇ ਕਾਲੇ ਹਨੇਰਿਆਂ ਵਿਚ ਵੀ ਪਿਤਾ ਜੀ ਦੇ ਗਿਆਨ-ਚਿਰਾਗ ਦੀ ਲੋਅ ਮੇਰਾ ਮਾਰਗ ਰੁਸ਼ਨਾਉਂਦੀ ਰਹਿੰਦੀ ਹੈ। ਆਪਣੇ ਵਿਦਿਆਰਥੀਆਂ ਵਿੱਚ 'ਅਧਿਆਪਨ ਦੇ ਮਸੀਹਾ' ਅਤੇ 'ਕਰਮਯੋਗੀ ਇਨਸਾਨ' ਵਜੋਂ ਜਾਣੇ ਜਾਂਦੇ ਪਿਤਾ ਜੀ ਸਾਧਾਰਨ ਹੁੰਦਿਆਂ ਹੋਇਆਂ ਵੀ ਅਸਾਧਾਰਨ ਅਤੇ ਆਦਰਸ਼ ਅਧਿਆਪਕ ਵਜੋਂ ਚਰਚਿਤ ਰਹੇ।



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

# SUNSHINE AUTO CARE INC.

**WE REPAIR ALL MAKES & MODELS. AUTO, DIESEL TRUCK & TRAILERS**

- ✓ DPF Filter Cleaning
- ✓ Clutch
- ✓ Transmission
- ✓ New/Used Tires
- ✓ Oil Changes
- ✓ Wheel Balancing
- ✓ Truck & Trailer Repair
- ✓ All Major & Minor Repairs
- ✓ We Do Aluminum Welding
- ✓ Computer Check
- ✓ Differential
- ✓ Inspections
- ✓ Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





**1003 Moffat Blvd, Manteca CA 95336**

# 209-239-1551



Chevron

# TRUCK STOP

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ

We accept all major fleet cards, credit cards including, Visa, MC, AE, Discover, Voyag and Writer Express.



(Or $9 off Chevron In-Store Purchase)

ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।

Contact :
BALRAJ SINGH PANNU
541-942-0105

Chevron

1250, Gateway Blvd. Cottage, OR 97424,
Ph : 541-942-4142 Fax : 541-942-9668



# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

**PREETI PANNU**
(541) 369-2801
FAX (541) 369-3810

33180 HWY 228 HALSEY, OR 97348

WE HAVE THE CHEAPEST FARES TO INDIA

LEGEND TRAVEL

arc accredited agency
CST # 207524-40

Special Fares To India From West-coast (us) On Air India Direct Flights


JATINDER SINGH



LOWEST AIRFARES FROM USA TO INDIA

★Travel Insurance ★ Great last Minute Deals★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

REALTY UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵਿੱਚ ਭਾਰਤੀ ਰੀਅਲ ਅਸਟੇਟ ਵਿੱਚ **$13 ਬਿਲੀਅਨ** ਲਗਾਏ—ਕਿਉਂਕਿ ਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦਿੰਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵਿੱਚ ਵਾਪਸ ਆਏ
- **$70 ਬਿਲੀਅਨ+ ਵਿਦੇਸ਼ੀ ਨਿਵੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਿਵੇਸ਼ ਦੇ ਰਾਹ

| ਨਿਵੇਸ਼ ਦੀ ਕਿਸਮ | ਸਾਲਾਨਾ ਮੁਨਾਫ਼ਾ | ਕਿਸ ਲਈ ਢੁਕਵਾਂ |
|---|---|---|
| ਵਿਕਾਸਸ਼ੀਲ ਇਲਾਕਿਆਂ ਦੀ ਜ਼ਮੀਨ | 18-20% ਵਾਧਾ | ਲੰਮੀ ਮਿਆਦ ਦੀ ਦੌਲਤ |
| ਨਿਰਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਿਰਾਇਆ + 7-9% ਵਾਧਾ | ਨਿਯਮਿਤ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਿਰਾਇਆ + 6-8% ਵਾਧਾ | ਸੁਰੱਖਿਅਤ ਨਿਵੇਸ਼ |

**ਨਿਵੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀਂ।

## 147 NRI ਪਰਿਵਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:** 7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ

**2020 ਚੰਡੀਗੜ੍ਹ:** 4 ਸਾਲਾਂ ਵਿੱਚ ਦੁੱਗਣਾ ਵਾਧਾ

**2022 ਪੁਣੇ:** 2 ਸਾਲਾਂ ਵਿੱਚ 58% ਵਾਧਾ

ਆਪਣੇ ਭਵਿੱਖ ਨੂੰ ਸੁਰੱਖਿਅਤ ਕਰੋ - ਅੱਜ ਹੀ!
**Call : +91 73038-88722**
**Subhiney Chabra : +91 97802-06080**

Let's Start!

ਤੁਸੀ ਅਮਰੀਕਾ ਵਿੱਚ । ਤੁਹਾਡੀ ਜਾਇਦਾਦ ਭਾਰਤ ਵਿੱਚ ।
ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।

ONLY WAY TO GROW YOUR BUSINESS FASTER

BNG
(Business Network Gateway)

We work for you to
Boost Your Business

VIDEO ADVERTISEMENTS
We make professional video advertisements for your business in Punjabi, Hindi & English

POSTERS DESIGN
We design flyers, Posters and Post Cards to promote your business

BUSINESS CARD DESIGN
WE DESIGN YOUR BUSINESS CARD

SOCIAL MEDIA HANDLERS
We can manage your Business social media handlers Facebook, instagram & YouTube

24/7 TECH SUPPORT
We provide 24/7 tech support

For more information call
Boota Singh Basi +1 (209) 303-1260

# ਵਿਦੇਸ਼ਾਂ 'ਚ ਵੀ ਧਾਰਮਿਕ ਸਥਾਨ ਸੁਰੱਖਿਅਤ ਨਹੀਂ: ਗੁਰੂਘਰ ਵਿੱਚ ਹੋਈ ਚੋਰੀ

ਮੈਲਬੌਰਨ
ਸਾਂਝੀ ਸੋਚ ਬਿਊਰੋ




ਆਸਟ੍ਰੇਲੀਆ ਦੇ ਮੈਲਬੌਰਨ 'ਚ ਸਥਿਤ ਇੱਕ ਗੁਰਦੁਆਰਾ ਸਾਹਿਬ 'ਚ ਚੋਰੀ ਹੋਣ ਦੀ ਖਬਰ ਸਾਹਮਣੇ ਆਈ ਹੈ। ਇਹ ਸਾਲ 29 ਦਸੰਬਰ ਦੀ ਰਾਤ ਦੀ ਹੈ। 29 ਦਸੰਬਰ ਨੂੰ ਰਾਤ 10.30 ਵਜੇ ਦੇ ਕਰੀਬ ਕੈਂਪਬੈਲਫੀਲਡ ਵਿਖੇ ਮੈਲਕਮ ਪਲੇਸ 'ਤੇ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਸਭਾ ਆਸਟ੍ਰੇਲੀਆ ਵਿੱਚ ਦੋ ਨਕਾਬਪੋਸ਼ ਆਦਮੀ ਐਂਗਲ ਗ੍ਰਾਈਂਡਰ ਦੀ ਵਰਤੋਂ ਕਰਕੇ ਦਾਖਲ ਹੋਏ ਅਤੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ।ਵਿਕਟੋਰੀਆ ਪੁਲਿਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਆਦਮੀ ਇੱਕ ਤਾਲਾ ਤੋੜ ਕੇ ਗੁਰੂਘਰ ਦੇ ਅੰਦਰ ਦਾਖਲ ਹੋਏ ਅਤੇ ਗੋਲਕ ਭੰਨ੍ਹ ਕੇ $1500 (ਡਾਲਰ) ਚੋਰੀ ਕਰ ਲਏ। ਇਸ ਦੇ ਨਾਲ ਹੀ ਚੋਰੀ ਦੀ ਇਸ ਵਾਰਦਾਤ ਦੀ ਇੱਕ ਸੀਸੀਟੀਵੀ ਫੁਟੇਜ ਸਾਹਮਣੇ ਆਈ ਹੈ। ਪੁਲਿਸ ਨੇ ਸੀਸੀਟੀਵੀ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਚੋਰਾਂ ਨੂੰ ਫੜਨ ਲਈ ਉਨ੍ਹਾਂ ਦੀ ਪਛਾਣ ਕੀਤੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਜਲਦੀ ਹੀ ਉਨ੍ਹਾਂ ਨੂੰ ਫੜ ਲਿਆ ਜਾਵੇਗਾ।

# ਸਾਲਟ ਲੇਕ ਸਿਟੀ 'ਚ ਚਰਚ ਦੇ ਬਾਹਰ ਫਾਇਰਿੰਗ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ




ਅਮਰੀਕਾ ਵਿੱਚ ਇੱਕ ਹੋਰ ਗੋਲੀਬਾਰੀ ਦੀ ਘਟਨਾ ਵਾਪਰੀ ਹੈ। ਇਹ ਘਟਨਾ ਯੂਟਾ ਦੀ ਰਾਜਧਾਨੀ ਸਾਲਟ ਲੇਕ ਸਿਟੀ ਵਿੱਚ ਮੋਰਮਨ ਚਰਚ ਦੀ ਪਾਰਕਿੰਗ ਵਿੱਚ ਹੋਈ। ਗੋਲੀਬਾਰੀ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ, ਜਿਸ ਕਾਰਨ ਚਰਚ ਦੇ ਆਲੇ-ਦੁਆਲੇ ਦੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਹੈ।ਪੁਲਿਸ ਨੇ ਦੱਸਿਆ ਕਿ ਗੋਲੀਬਾਰੀ ਦੇ ਸਮੇਂ ਦਰਜਨਾਂ ਲੋਕ ਚਰਚ ਦੇ ਅੰਦਰ ਮੌਜੂਦ ਸਨ। ਇਹ ਘਟਨਾ ਇੱਕ ਅੰਤਿਮ ਸਸਕਾਰ ਦੌਰਾਨ ਵਾਪਰੀ। ਉਸ ਸਮੇਂ ਚਰਚ ਦੇ ਅੰਦਰ ਅੰਤਿਮ ਸੰਸਕਾਰ ਦੀ ਪ੍ਰਾਰਥਨਾ ਚੱਲ ਰਹੀ ਸੀ। ਜ਼ਖਮੀਆਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ, ਜਦੋਂ ਕਿ ਬਾਕੀ ਤਿੰਨ ਦੀ ਹਾਲਤ ਅਸਪਸ਼ਟ ਹੈ।ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਇਹ ਘਟਨਾ ਅਚਾਨਕ ਨਹੀਂ ਹੋਈ, ਸਗੋਂ ਗੋਲੀਬਾਰੀ ਪਾਰਕਿੰਗ ਵਿੱਚ ਹੋਏ ਝਗੜੇ ਤੋਂ ਬਾਅਦ ਹੋਈ। ਅਜੇ ਤੱਕ ਕਿਸੇ ਵੀ ਸ਼ੱਕੀ ਨੂੰ ਹਿਰਾਸਤ ਵਿੱਚ ਨਹੀਂ ਲਿਆ ਗਿਆ ਹੈ। ਪੁਲਿਸ ਨੇ ਸ਼ੱਕੀਆਂ ਨੂੰ ਫੜਨ ਲਈ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਚਰਚ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਉਹ ਇਸ ਦੁਖਦਾਈ ਘਟਨਾ ਤੋਂ ਬਹੁਤ ਚਿੰਤਤ ਹੈ ਅਤੇ ਕਦੇ ਵੀ ਕਿਸੇ ਵੀ ਪਵਿੱਤਰ ਸਥਾਨ 'ਤੇ ਹਿੰਸਾ ਨੂੰ ਸਵੀਕਾਰਯੋਗ ਨਹੀਂ ਮੰਨਦੇ। ਉਹ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਪੂਰਾ ਸਹਿਯੋਗ ਕਰ ਰਹੇ ਹਨ ਅਤੇ ਪ੍ਰਭਾਵਿਤ ਸਾਰੇ ਲੋਕਾਂ ਲਈ ਪ੍ਰਾਰਥਨਾ ਕਰ ਰਹੇ ਹਨ।

# ਈਰਾਨ 'ਚ ਮਹਿੰਗਾਈ ਵਿਰੁੱਧ ਹਿੰਸਕ ਪ੍ਰਦਰਸ਼ਨ ਪੁਲਿਸ ਕਰਮਚਾਰੀ ਦੀ ਚਾਕੂ ਮਾਰ ਕੇ ਹੱਤਿਆ ਰਾਸ਼ਟਰੀ ਝੰਡਾ ਵੀ ਪਾੜਿਆ ਗਿਆ

ਈਰਾਨ
ਸਾਂਝੀ ਸੋਚ ਬਿਊਰੋ

ਈਰਾਨ ਵਿੱਚ ਮਹਿੰਗਾਈ ਵਿਰੁੱਧ 10 ਦਿਨਾਂ ਤੋਂ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਵੀਰਵਾਰ ਰਾਤ ਨੂੰ ਸਥਿਤੀ ਹੋਰ ਵਿਗੜ ਗਈ। ਸੀਐਨਐਨ ਦੀ ਇੱਕ ਰਿਪੋਰਟ ਦੇ ਅਨੁਸਾਰ, ਵਿਰੋਧ ਪ੍ਰਦਰਸ਼ਨ ਦੇਸ਼ ਭਰ ਦੇ 100 ਤੋਂ ਵੱਧ ਸ਼ਹਿਰਾਂ ਵਿੱਚ ਫੈਲ ਗਏ ਹਨ। ਇਸ ਸਮੇਂ ਦੇਸ਼ ਭਰ ਵਿੱਚ ਇੰਟਰਨੈੱਟ ਅਤੇ ਫ਼ੋਨ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਈਰਾਨ ਦੀ ਸਰਕਾਰੀ ਫਾਰਸ ਏਜੰਸੀ ਦੇ ਅਨੁਸਾਰ, ਤਹਿਰਾਨ ਵਿੱਚ ਸਥਿਤੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰ ਰਹੇ ਇੱਕ ਪੁਲਿਸ ਅਧਿਕਾਰੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ।ਦੇਸ਼ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਮਸ਼ਹਾਦ ਵਿੱਚ ਪ੍ਰਦਰਸ਼ਨਕਾਰੀਆਂ ਨੇ ਰਾਸ਼ਟਰੀ ਝੰਡਾ ਪਾੜ ਦਿੱਤਾ। ਅਮਰੀਕੀ ਮਨੁੱਖੀ ਅਧਿਕਾਰ ਏਜੰਸੀ ਦੇ ਅਨੁਸਾਰ, ਵਿਰੋਧ ਪ੍ਰਦਰਸ਼ਨਾਂ ਦੌਰਾਨ ਹੋਈ ਹਿੰਸਾ ਵਿੱਚ ਘੱਟੋ-ਘੱਟ 45 ਲੋਕ ਮਾਰੇ ਗਏ ਹਨ, ਜਦੋਂ ਕਿ 2,270 ਤੋਂ ਵੱਧ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।ਦੇਸ਼ ਦੇ ਜਲਾਵਤਨ ਕਰਾਊਨ ਪ੍ਰਿੰਸ ਰਜ਼ਾ ਪਹਿਲਵੀ ਦੀ ਅਪੀਲ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਤੇਜ਼ ਹੋ ਗਏ। ਰਜ਼ਾ ਪਹਿਲਵੀ ਈਰਾਨ ਦੇ ਆਖਰੀ ਸ਼ਾਹ ਮੁਹੰਮਦ ਰਜ਼ਾ ਪਹਿਲਵੀ ਦਾ ਪੁੱਤਰ ਹੈ। 1979 ਦੀ ਇਸਲਾਮੀ ਕ੍ਰਾਂਤੀ ਦੌਰਾਨ ਉਸਦੇ ਪਿਤਾ ਦਾ ਤਖਤਾ ਪਲਟ ਦਿੱਤਾ ਗਿਆ ਸੀ। ਕ੍ਰਾਊਨ ਪ੍ਰਿੰਸ ਪਹਿਲਵੀ ਇਸ ਸਮੇਂ ਸੰਯੁਕਤ ਰਾਜ ਅਮਰੀਕਾ ਵਿੱਚ ਰਹਿ ਰਹੇ ਹਨ।ਇਸ ਦੌਰਾਨ, ਅਮਰੀਕਾ ਨੇ ਵੀ ਈਰਾਨ ਨੂੰ ਧਮਕੀ ਦਿੱਤੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਵਿਰੁੱਧ ਹਿੰਸਾ ਕੀਤੀ ਗਈ ਤਾਂ ਅਮਰੀਕਾ ਸਖ਼ਤ ਜਵਾਬ ਦੇਵੇਗਾ।

# ਅਮਰੀਕਾ ਵੱਲੋਂ ਰੂਸੀ ਜਹਾਜ਼ ਨੂੰ ਫੜਨ ਦਾ ਮਾਮਲਾ: ਇਸ 'ਚ ਤਿੰਨ ਭਾਰਤੀ ਵੀ ਸਨ ਸਵਾਰ ਰੂਸੀ ਸੰਸਦ ਮੈਂਬਰ ਨੇ ਪ੍ਰਮਾਣੂ ਹਮਲੇ ਦੀ ਧਮਕੀ ਦਿੱਤੀ

ਮਾਸਕੋ
ਸਾਂਝੀ ਸੋਚ ਬਿਊਰੋ



ਅਮਰੀਕਾ ਨੇ ਅਟਲਾਂਟਿਕ ਮਹਾਸਾਗਰ ਵਿੱਚ ਇੱਕ ਰੂਸੀ ਝੰਡੇ ਵਾਲਾ ਟੈਂਕਰ ਜ਼ਬਤ ਕਰ ਲਿਆ ਹੈ। ਅਮਰੀਕੀ ਫੌਜ ਦੇ ਸਮਰਥਨ ਨਾਲ ਅਮਰੀਕੀ ਤੱਟ ਰੱਖਿਅਕ ਦੁਆਰਾ ਜ਼ਬਤ ਕੀਤੇ ਗਏ ਟੈਂਕਰ ਦਾ ਨਾਮ ਹੁਣ ਮਰੀਨੇਰਾ ਹੈ। ਇਹ ਉਹੀ ਜਹਾਜ਼ ਹੈ ਜਿਸਨੂੰ ਪਹਿਲਾਂ ਬੇਲਾ-1 ਵਜੋਂ ਜਾਣਿਆ ਜਾਂਦਾ ਸੀ, ਜਿਸ ਦਾ ਨਾਮ ਬਦਲ ਦਿੱਤਾ ਗਿਆ ਅਤੇ ਰੂਸੀ ਝੰਡੇ ਹੇਠ ਰਜਿਸਟਰ ਕੀਤਾ ਗਿਆ ਸੀ।ਹੁਣ ਇਹ ਜਾਣਕਾਰੀ ਸਾਹਮਣੇ ਆਈ ਹੈ ਕਿ ਇਸ ਰੂਸੀ ਜਹਾਜ਼ ਮਰੀਨੇਰਾ 'ਤੇ ਤਿੰਨ ਭਾਰਤੀ ਨਾਗਰਿਕ ਵੀ ਸਵਾਰ ਸਨ। ਇਹ ਜਾਣਕਾਰੀ ਰੂਸੀ ਸਮਾਚਾਰ ਏਜੰਸੀ ਰਸ਼ੀਆ ਟੂਡੇ ਨੇ ਸੂਤਰਾਂ ਦੇ ਹਵਾਲੇ ਨਾਲ ਦਿੱਤੀ ਹੈ। ਰਿਪੋਰਟ ਦੇ ਅਨੁਸਾਰ, ਮਰੀਨੇਰਾ 'ਤੇ ਕੁੱਲ 28 ਲੋਕ ਸਵਾਰ ਸਨ: 17 ਯੂਕਰੇਨੀਅਨ, 6 ਜਾਰਜੀਅਨ, 3 ਭਾਰਤੀ ਅਤੇ 2 ਰੂਸੀ ਨਾਗਰਿਕ। ਅਮਰੀਕਾ ਦਾ ਦੋਸ਼ ਹੈ ਕਿ ਜਹਾਜ਼ ਵੈਨੇਜ਼ੁਏਲਾ ਤੋਂ ਤੇਲ ਲੈ ਕੇ ਜਾ ਰਿਹਾ ਸੀ ਅਤੇ ਅਮਰੀਕੀ ਪਾਬੰਦੀਆਂ ਦੀ ਉਲੰਘਣਾ ਕਰ ਰਿਹਾ ਸੀ।ਜਹਾਜ਼ ਨੂੰ ਜ਼ਬਤ ਕੀਤੇ ਜਾਣ ਤੋਂ ਬਾਅਦ, ਰੂਸੀ ਸੰਸਦ ਮੈਂਬਰ ਅਲੈਕਸੀ ਜ਼ੁਰਾਵਲੀਓਵ ਨੇ ਕਿਹਾ ਕਿ ਰਾਸ਼ਟਰਪਤੀ ਪੁਤਿਨ ਨੂੰ ਪ੍ਰਮਾਣੂ ਹਮਲਾ ਕਰਨਾ ਚਾਹੀਦਾ ਹੈ ਅਤੇ ਅਮਰੀਕੀ ਤੱਟ ਰੱਖਿਅਕ ਜਹਾਜ਼ਾਂ ਨੂੰ ਡੁਬੋ ਦੇਣਾ ਚਾਹੀਦਾ ਹੈ। ਰੂਸ ਨੇ ਇਸ ਕਾਰਵਾਈ ਦਾ ਸਖ਼ਤ ਵਿਰੋਧ ਕੀਤਾ ਹੈ। ਰੂਸੀ ਟਰਾਂਸਪੋਰਟ ਮੰਤਰਾਲੇ ਨੇ ਕਿਹਾ ਕਿ ਅਮਰੀਕੀ ਫੌਜਾਂ ਨੇ ਜਹਾਜ਼ ਨੂੰ ਖੁੱਲ੍ਹੇ ਸਮੁੰਦਰ ਵਿੱਚ ਰੋਕਿਆ, ਜਿੱਥੇ ਕਿਸੇ ਵੀ ਦੇਸ਼ ਦਾ ਅਧਿਕਾਰ ਖੇਤਰ ਨਹੀਂ ਹੈ। ਇਹ ਅੰਤਰਰਾਸ਼ਟਰੀ ਸਮੁੰਦਰੀ ਕਾਨੂੰਨ ਦੀ ਉਲੰਘਣਾ ਹੈ।ਰੂਸੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਮਰੀਕਾ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਗਿਆ ਸੀ ਕਿ ਜਹਾਜ਼ ਰੂਸੀ ਹੈ ਅਤੇ ਨਾਗਰਿਕ ਉਦੇਸ਼ਾਂ ਲਈ ਵਰਤਿਆ ਜਾ ਰਿਹਾ ਹੈ। ਰੂਸ ਨੇ ਮੰਗ ਕੀਤੀ ਕਿ ਜਹਾਜ਼ ਵਿੱਚ ਸਵਾਰ ਰੂਸੀ ਨਾਗਰਿਕਾਂ ਨਾਲ ਨਿਰਪੱਖ ਵਿਵਹਾਰ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਸੁਰੱਖਿਅਤ ਘਰ ਵਾਪਸ ਜਾਣ ਦਿੱਤਾ ਜਾਵੇ।

# ਸੰਘੀ ਇਮੀਗ੍ਰੇਸ਼ਨ ਏਜੰਟ ਵੱਲੋਂ ਗੋਲੀਬਾਰੀ ਵਿੱਚ 37 ਸਾਲਾ ਔਰਤ ਦੀ ਮੌਤ, ਸ਼ਹਿਰ ਵਿੱਚ ਵੱਡੀ ਪੱਧਰ 'ਤੇ ਪ੍ਰਦਰਸ਼ਨ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਮਿਨੇਅਪੋਲਿਸ ਸ਼ਹਿਰ ਵਿੱਚ ਇੱਕ ਸੰਘੀ ਇਮੀਗ੍ਰੇਸ਼ਨ ਏਜੰਟ ਦੁਆਰਾ ਚਲਾਈ ਗੋਲੀ ਨਾਲ ਇੱਕ 37 ਸਾਲਾ ਔਰਤ ਦੀ ਮੌਤ ਹੋ ਗਈ । ਇਸ ਘਟਨਾ ਤੋਂ ਬਾਅਦ ਸ਼ਹਿਰ ਵਿੱਚ ਵੱਡੀ ਪੱਧਰ 'ਤੇ ਪ੍ਰਦਰਸ਼ਨ ਹੋਏ। ਮਿਨੀਸੋਟਾ ਸਟੇਟ ਅਧਿਕਾਰੀਆਂ ਨੇ ਲੋਕਾਂ ਨੂੰ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰਨ ਲਈ ਕਿਹਾ ਹੈ। ਮਿਨੇਅਪੋਲਿਸ ਸਿਟੀ ਕੌਂਸਲ ਪ੍ਰਧਾਨ ਇਲੀਆਟ ਪੇਨੇ ਨੇ ਮ੍ਰਿਤਕ ਔਰਤ ਦੀ ਪਛਾਣ ਰੀਨੀ ਨਿਕੋਲ ਗੁੱਡ ਵਜੋਂ ਕੀਤੀ ਹੈ। ਸੈਨੇਟਰ ਟੀਨਾ ਸਮਿਥ ਨੇ ਕਿਹਾ ਹੈ ਕਿ ਮ੍ਰਿਤਕ ਔਰਤ ਅਮਰੀਕੀ ਸ਼ਹਿਰੀ ਸੀ। ਮਿਨੇਅਪੋਲਿਸ ਪੁਲਿਸ ਮੁੱਖੀ ਬਰੀਅਨ ਓ ਹਾਰਾ ਨੇ ਕਿਹਾ ਹੈ ਕਿ ਅਜਿਹਾ ਨਹੀਂ ਲੱਗਦਾ ਕਿ ਔਰਤ ਕਿਸੇ ਲਾਅ ਇਨਫੋਰਸਮੈਂਟ ਮਾਮਲੇ ਵਿੱਚ ਲੋੜੀਂਦੀ ਸੀ ਤੇ ਇਹ ਅਚਾਨਕ ਵਾਪਰੀ ਘਟਨਾ ਹੈ।

ਗਵਰਨਰ ਟਿਮ ਵਾਲਜ਼ ਅਨੁਸਾਰ ਸ਼ੂਟਿੰਗ ਨੂੰ ਟਾਲਿਆ ਜਾ ਸਕਦਾ ਸੀ। ਉਨਾਂ ਕਿਹਾ ਕਿ ਜਿਸ ਜਗਾ ਔਰਤ ਦੀ ਮੌਤ ਹੋਈ ਹੈ, ਉਸ ਤੋਂ ਇੱਕ ਮੀਲ ਦੇ ਵੀ ਘੱਟ ਫਰਕ 'ਤੇ ਜਾਰਜ ਫਲਾਇਡ ਦੀ ਸੰਘੀ ਏਜੰਟਾਂ ਹੱਥੋਂ ਮੌਤ ਹੋਈ ਸੀ ਜਿਸ ਤੋਂ ਬਾਅਦ ਵੱਡੀ ਪੱਧਰ 'ਤੇ ਪ੍ਰਦਰਸ਼ਨ ਹੋਏ ਸਨ। ਵਾਲਜ਼ ਨੇ ਲੋਕਾਂ ਨੂੰ ਕਿਹਾ ਕਿ ਮੈ ਤੁਹਾਡੇ ਗੁੱਸੇ ਨੂੰ ਸਮਝਦਾ ਹਾਂ, ਮੈ ਵੀ ਗੁੱਸੇ ਵਿੱਚ ਹਾਂ ਪਰੰਤੂ ਸ਼ਾਂਤੀ ਕਾਇਮ ਰੱਖਣੀ ਅਹਿਮ ਹੈ। ਹੋਮਲੈਂਡ ਸਕਿਉਰਿਟੀ ਵਿਭਾਗ ਨੇ ਕਿਹਾ ਹੈ ਕਿ ਇਮਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਏਜੰਟ ਨੇ ਆਪਣੇ ਬਚਾਅ ਵਿੱਚ ਗੋਲੀ ਚਲਾਈ ਕਿਉਂਕਿ ਔਰਤ ਏਜੰਟ ਉਪਰ ਆਪਣੀ ਕਾਰ ਚੜਾਉਣ ਦੀ ਕੋਸ਼ਿਸ਼ ਵਿੱਚ ਸੀ ਪਰੂੰਤ ਸ਼ਹਿਰ ਦੇ ਮੇਅਰ ਜੈਕੋਬ ਫਰੇ ਨੇ ਇਸ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਮੈ ਵੀਡੀਓ ਵੇਖੀ ਹੈ ਤੇ ਮੈ ਹਰ ਇੱਕ ਨੂੰ ਦੱਸਣਾ ਚਹੁੰਦਾ ਹਾਂ ਕਿ ਤਾਕਤ ਦੀ ਵਰਤੋਂ ਹੋਈ ਹੈ।

# ਦੋ ਗੈਰਕਾਨੂੰਨੀ ਭਾਰਤੀ ਡਰਾਇਵਰ ਤਿੰਨ ਸੌ ਪੌਂਡ ਕੋਕੀਨ ਸਮੇਤ ਗ੍ਰਿਫ਼ਤਾਰ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ



ਇੰਡਿਆਨਾਪੋਲਿਸ ਵਿੱਚ ਦੋ ਗੈਰ ਕਾਨੂੰਨੀ ਭਾਰਤੀ ਡਰਾਇਵਰਾਂ ਨੂੰ 300 ਪੌਂਡ ਕੁਕੀਨ ਜੋ ਉਨਾਂ ਨੇ ਆਪਣੇ ਸੈਮੀ ਟਰੱਕ ਵਿੱਚ ਲੁਕੋਈ ਹੋਈ ਸੀ, ਸਮੇਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਇਨਾਂ ਡਰਾਇਵਰਾਂ ਵਿੱਚ ਜਸਵੀਰ ਸਿੰਘ ਤੇ ਗੁਰਪ੍ਰੀਤ ਸਿੰਘ ਸ਼ਾਮਿਲ ਹਨ। ਜਸਵੀਰ ਸਿੰਘ ਮਾਰਚ 2017 ਵਿੱਚ ਤੇ ਗੁਰਪ੍ਰੀਤ ਸਿੰਘ ਮਾਰਚ 2023 ਵਿੱਚ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਇਆ ਸੀ।

ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਅਨੁਸਾਰ ਇਨਾਂ ਦੋਨਾਂ ਨੂੰ ਕਮਰਸ਼ੀਅਲ ਵਾਹਣਾਂ ਦੀ ਰੂਟੀਨ ਦੀ ਚੈਕਿੰਗ ਦੌਰਾਨ ਪੁਟਨਾਮ ਕਾਊਂਟੀ, ਇੰਡਿਆਨਾ ਵਿੱਚ ਗ੍ਰਿਫਤਾਰ ਕੀਤਾ ਹੈ। ਇਨਾਂ ਕੋਲੋਂ 309 ਪੌਂਡ ਕੁਕੀਨ ਬਰਾਮਦ ਹੋਈ ਹੈ ਜੋ ਇਨਾਂ ਨੇ ਟੱਰਕ ਦੇ ਸਲੀਪਰ ਬਰਥ ਵਿੱਚ ਲੁਕੋਈ ਹੋਈ ਸੀ। ਜਾਂਚਕਾਰਾਂ ਅਨੁਸਾਰ ਇਨਾਂ ਦੋਨਾਂ ਕੋਲ ਕੈਲੀਫੋਰਨੀਆ ਦੁਆਰਾ ਜਾਰੀ ਕਮਰਸ਼ੀਅਲ ਡਰਾਇਵਿੰਗ ਲਾਇਸੰਸ ਹਨ।


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

**ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ**

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# ਫਰੀਡਮ ਫਾਈਟਰ ਦੇ ਵਾਰਿਸਾਂ ਨੂੰ ਆ ਰਹੀਆਂ ਸਮੱਸਿਆਵਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ

ਮਾਨਸਾ
ਸਾਂਝੀ ਸੋਚ ਬਿਊਰੋ



ਅੱਜ ਆਜਾਦੀ ਘੁਲਾਟੀਆਂ ਉੱਤਰਾ ਅਧਿਕਾਰੀ ਸੰਸਥਾ ਰਜਿ. (196) ਪੰਜਾਬ ਜਿਲ੍ਹਾ ਮਾਨਸਾ ਦੀ ਮਹੀਨੇਵਾਰ ਮੀਟਿੰਗ ਜਿਲ੍ਹਾ ਪ੍ਰਧਾਨ ਰਘਵੀਰ ਸਿੰਘ ਜਟਾਣਾ ਦੀ ਪ੍ਰਧਾਨਗੀ ਹੇਠ ਕੀਤੀ ਗਈ ਜਿਸ ਵਿੱਚ ਫਰੀਡਮ ਫਾਈਟਰ ਦੇ ਵਾਰਿਸਾਂ ਨੂੰ ਆ ਰਹੀਆਂ ਸਮੱਸਿਆਵਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਤੋਂ ਇਲਾਵਾ ਮੀਟਿੰਗ ਵਿੱਚ ਮੁੱਖ ਮੰਤਰੀ ਪੰਜਾਬ ਵੱਲੋਂ ਫਰੀਡਮ ਫਾਈਟਰ ਉੱਤਰਾ ਅਧਿਕਾਰੀ ਸੰਸਥਾ ਰਜਿ. (196) ਪੰਜਾਬ ਨੂੰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਨਾ ਕਰਨ ਸੰਬੰਧੀ ਮਿਤੀ 15 ਜਨਵਰੀ 2026 ਤੋਂ ਸੰਗਰੂਰ ਵਿਖੇ ਲੜੀਵਾਰ ਸ਼ਾਂਤਮਈ ਰੋਸ ਧਰਨੇ ਸੰਬੰਧੀ ਫੈਸਲਾ ਲਿਆ ਗਿਆ ਅਤੇ 26 ਜਨਵਰੀ ਨੂੰ ਗਣੰਤਤਰਤਾ ਦਿਵਸ ਵਿੱਚ ਕੌਮੀ ਝੰਡਾ ਲਹਿਰਾਉਣ ਦੀ ਰਸਮ ਵਿੱਚ ਅਜਾਦੀ ਘੁਲਟੀਆਂ ਵੱਲੋਂ ਸ਼ਾਮਿਲ ਤਾਂ ਹੋਇਆ ਜਾਵੇਗਾ ਪ੍ਰੰਤੂ ਸਰਕਾਰ ਅਤੇ ਪ੍ਰਸ਼ਾਸ਼ਨ ਵੱਲੋਂ ਦਿੱਤਾ ਜਾਣ ਵਾਲਾ ਕੋਈ ਵੀ ਸਮਾਨ (ਭੇਟ) ਨਹੀਂ ਲਿਆ ਜਾਵੇਗਾ ਕਿਉਂਕਿ ਅਜਾਦੀ ਘੁਲਾਟਿਆਂ ਅਤੇ ਉਹਨਾਂ ਦੇ ਵਾਰਿਸਾਂ ਦਾ ਕਹਿਣਾ ਹੈ ਕਿ ਉਹ ਕੋਈ ਭਿਖਾਰੀ ਨਹੀਂ ਹਨ ਜੋ ਸਮਾਨ ਦੇ ਭੁੱਖੇ ਹਨ ਉਹਨਾਂ ਨੂੰ ਕਿਸੇ ਸਮਾਨ ਦੀ ਨਹੀਂ ਬਲਕਿ ਸਨਮਾਨ ਦੀ ਜਰੂਰਤ ਹੈ ਜੋ ਕਿ ਦੇਸ਼ ਭਗਤਾਂ ਦਾ ਸੰਵਧਾਨਿਕ ਹੱਕ ਹੈ। ਉਹਨਾਂ ਦਾ ਨਾਲ ਇਹ ਵੀ ਕਹਿਣਾ ਹੈ ਕਿ ਮੁੱਖ ਮੰਤਰੀ ਵੱਲੋਂ ਮੀਟਿੰਗ ਦਾ ਸਮਾਂ ਦੇ ਕੇ ਹਰ ਵਾਰ ਮੀਟਿੰਗ ਨਾ ਕਰਨ ਕਾਰਨ ਅਜਾਦੀ ਘੁਲਾਟਿਆਂ ਅਤੇ ਉਹਨਾਂ ਦੇ ਵਾਰਿਸਾਂ ਨੂੰ ਮਜਾਕ ਦਾ ਪਾਤਰ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਉਹਨਾਂ ਵੱਲੋਂ ਮੁੱਖ ਮੰਤਰੀ ਦੇ ਨਾਮ ਤੇ ਮਾਨਯੋਗ ਡਿਪਟੀ ਕਮਿਸ਼ਨਰ ਮਾਨਸਾ ਨੂੰ ਰੋਸ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਸੂਬਾ ਪ੍ਰਧਾਨ ਚਤਿੰਨ ਸਿੰਘ ਸੇਖੋ, ਸ਼ਹਿਰੀ ਪ੍ਰਧਾਨ ਰਘਵੀਰ ਸਿੰਘ ਝੱਬਰ, ਜਗਸੀਰ ਸਿੰਘ ਖਜਾਨਚੀ ਲਾਲਿਆਂਵਾਲੀ, ਬਲਵੰਤ ਸਿੰਘ, ਹਰਬੰਸ ਸਿੰਘ ਨਿਧੱੜਕ, ਜਸਵੀਰ ਸਿੰਘ ਭੈਣੀਬਾਘਾ, ਸੁਖਦੀਪ ਸਿੰਘ ਰੱਲਾ, ਸੁਖਦੀਪ ਕੌਰ ਅਕਲੀਆ, ਜਸਵੀਰ ਵਰਮਾ (ਦਫਤਰੀ ਸਲਾਹਕਾਰ) ਜਸਵੰਤ ਸਿੰਘ ਬੁਢਲਾਡਾ, ਜਸਵੰਤ ਸਿੰਘ ਦਲੇਲ ਸਿੰਘ ਵਾਲਾ, ਬਲਵੀਰ ਸਿੰਘ ਝੱਬਰ, ਸੁਖਪਾਲ ਕੌਰ, ਸਤਨਾਮ ਕੌਰ, ਵੀਰਪਾਲ ਕੌਰ ਆਦਿ ਹਾਜ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਦੇ 313ਵੇਂ ਦਿਨ ਪੰਜਾਬ ਪੁਲਿਸ ਵੱਲੋਂ 1 ਕਿਲੋ ਹੈਰੋਇਨ ਸਮੇਤ 98 ਨਸ਼ਾ ਤਸਕਰ ਕਾਬੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ




ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੇ 313ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 359 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 82 ਐਫਆਈਆਰਜ਼ ਦਰਜ ਕਰਕੇ 98 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 313 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 43,691 ਹੋ ਗਈ ਹੈ। ਛਾਪੇਮਾਰੀ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 1.04 ਕਿਲੋਗ੍ਰਾਮ ਹੈਰੋਇਨ, 7 ਕਿਲੋ ਗਾਂਜਾ, 105 ਕੁਇੰਟਲ ਭੁੱਕੀ, 20,900 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 14,070 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ। ਇਸ ਆਪ੍ਰੇਸ਼ਨ ਦੌਰਾਨ 69 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 359 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 354 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ ਅੱਜ 58 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਪਿਛਲੇ ਕੁਝ ਮਹੀਨਿਆਂ ਦੌਰਾਨ 1000 ਤੋਂ ਵੱਧ ਕਾਮਿਆਂ ਨੂੰ ਕੀਤਾ ਰੈਗੂਲਰ: ਲਾਲ ਚੰਦ ਕਟਾਰੂਚੱਕ

ਪਠਾਨਕੋਟ
ਸਾਂਝੀ ਸੋਚ ਬਿਊਰੋ



ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਨੇ ਪਿਛਲੇ 7 ਮਹੀਨਿਆਂ ਦੌਰਾਨ 1000 ਤੋਂ ਵੱਧ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਹਨ ਅਤੇ ਸਾਲ 2023 ਵਿੱਚ ਬਣਾਈ ਗਈ ਨੀਤੀ ਤਹਿਤ 519 ਹੋਰ ਸੀਨੀਅਰ ਕਾਮਿਆਂ, ਜਿਨ੍ਹਾਂ ਨੇ 10 ਸਾਲ ਦੀ ਸੇਵਾ ਪੂਰੀ ਕਰ ਲਈ ਹੈ ਪਰ ਜੋ ਉਮਰ ਅਤੇ ਵਿਦਿਅਕ ਯੋਗਤਾ ਪੂਰਾ ਨਹੀਂ ਕਰਦੇ , ਨੂੰ ਰੈਗੂਲਰ ਕਰਨ ਦਾ ਪ੍ਰਸਤਾਵ ਵਿੱਤ, ਪਰਸੋਨਲ, ਕਾਨੂੰਨੀ ਮਸ਼ੀਰ ਵਿਭਾਗ ਨੂੰ ਭੇਜਿਆ ਹੈ।

ਜੰਗਲਾਤ ਵਿਭਾਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਤੋਂ ਸੇਧ ਲੈ ਕੇ ਵਿਭਾਗੀ ਕਾਮਿਆਂ ਨੂੰ ਲਾਭ ਦੇਣ ਲਈ ਹਰ ਸੰਭਵ ਕਦਮ ਚੁੱਕਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਜਾਣਕਾਰੀ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਜੰਗਲਾਤ ਕੰਪਲੈਕਸ ਵਿਖੇ ਜੰਗਲਾਤ ਵਰਕਰਜ਼ ਯੂਨੀਅਨ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਦੌਰਾਨ ਦਿੱਤੀ।

ਯੂਨੀਅਨ ਦੇ ਨੁਮਾਇੰਦਿਆਂ ਵੱਲੋਂ, ਪਿਛਲੇ ਸਾਲ 30 ਜੁਲਾਈ ਨੂੰ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਕਾਮਿਆਂ ਦੀਆਂ ਤਨਖਾਹਾਂ ਜਾਰੀ ਕਰਨ ਦੀ ਮੰਗ ਦੇ ਸਬੰਧ ਵਿੱਚ, ਮੰਤਰੀ ਨੂੰ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਜਾਣੂੰ ਕਰਵਾਉਂਦਿਆਂ ਦੱਸਿਆ ਕਿ ਇਸ ਸਬੰਧ ਵਿੱਚ ਏਕੀਕ੍ਰਿਤ ਮਨੁੱਖੀ ਸਰੋਤ ਪ੍ਰਬੰਧਨ ਪ੍ਰਣਾਲੀ ਆਈਐਸਆਰਐਮਐਸ ਆਈ.ਡੀਜ਼ ਅੱਪਡੇਟ ਕਰ ਦਿੱਤੀਆਂ ਗਈਆਂ ਹਨ ਅਤੇ ਜਲਦੀ ਹੀ ਤਨਖਾਹਾਂ ਜਾਰੀ ਕਰ ਦਿੱਤੀਆਂ ਜਾਣਗੀਆਂ। ਮੰਤਰੀ ਨੇ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਉਹ ਕਾਮਿਆਂ ਦੀ ਸਮੇਂ ਸਿਰ ਅਦਾਇਗੀ ਅਤੇ ਵੰਡ ਨੂੰ ਯਕੀਨੀ ਬਣਾਉਣ ਤਾਂ ਜੋ ਉਨ੍ਹਾਂ ਦਾ ਕੋਈ ਵਿੱਤੀ ਨੁਕਸਾਨ ਨਾ ਝੱਲਣਾ ਪਵੇ। ਮੰਤਰੀ ਨੇ ਯੂਨੀਅਨ ਦੀਆਂ ਹੋਰ ਮੰਗਾਂ ਨੂੰ ਸੁਹਿਰਦਤਾ ਤੇ ਠਰੰਮੇ ਨਾਲ ਸੁਣਦਿਆਂ ਭਰੋਸਾ ਦਿੱਤਾ ਕਿ ਵਿਭਾਗ ਦੇ ਕਾਮਿਆਂ ਦੇ ਹਿੱਤਾਂ ਦਾ ਧਿਆਨ ਰੱਖਣਾ ਸਰਕਾਰ ਦੀ ਪਹਿਲੀ ਤਰਜੀਹ ਹੈ ਕਿਉਂਕਿ ਕਾਮੇ ਵਿਭਾਗ ਦਾ ਅਟੁੱਟ ਅੰਗ ਹਨ। ਇਸ ਮੌਕੇ 'ਤੇ ਮੌਜੂਦ ਹੋਰਨਾਂ ਵਿੱਚ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਸਕੱਤਰ ਪ੍ਰਿਯਾਂਕ ਭਾਰਤੀ, ਪ੍ਰਮੁੱਖ ਮੁੱਖ ਵਣਪਾਲ (ਜੰਗਲਾਤ ਫੋਰਸ ਦੇ ਮੁਖੀ) ਧਰਮਿੰਦਰ ਸ਼ਰਮਾ ਅਤੇ ਮੁੱਖ ਵਣਪਾਲ (ਮੈਦਾਨੀ ਖੇਤਰ) ਨਿਧੀ ਸ਼੍ਰੀਵਾਸਤਵ ਸ਼ਾਮਿਲ ਸਨ।

MATRIMONIAL
ਦੁਲਹਨ ਦੀ ਲੋੜ
1986 Born vegetarian vegan, non drinker, graduated US Citizen boy working as CEO of Corporation, height 6', Looking for simple homely girl from Jatt Sikh family, vegetarian or vegan. Animal lover and caring.
Contact:+1(949) 648-7548
email: gurjagsati@gmail.com



# Ekam Handyman Services

**Reliable Handyman Services**

- Professional Repairs
- Quality Work
- Affordable Rates



**We Specialized In**:

Split-Level and Multi-Level Home Repairs

Fence Installation & Repairs Backyard Upgrades

Hardwood Floor, MarbleTiling, Repair & Refinishing

Insulated Window Installation & sealing

Washroom RepairsPlumbing

Fixes Electrical Repairs



Ekam Handyman services
@laddihandyman

(209)281-0288, (209)646-4056


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# ਯੁੱਧ ਨਸ਼ਿਆਂ ਵਿਰੁੱਧ ਧੂਰੀ ਹਲਕੇ ਦੇ ਸਰਪੰਚਾਂ ਅਤੇ ਪੰਚਾਇਤ ਸਕੱਤਰਾਂ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਲਈ ਟਰੇਨਿੰਗ ਕਰਵਾਈ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਨੂੰ ਹੋਰ ਤੇਜ਼ ਕਰਨ ਅਤੇ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਦੇ ਉਦੇਸ਼ ਨਾਲ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਪੜਾਅ ਤਹਿਤ 10 ਜਨਵਰੀ ਤੋਂ 30 ਜਨਵਰੀ ਤੱਕ ਪੰਜਾਬ ਦੇ ਹਰ ਪਿੰਡ, ਮੁਹੱਲੇ, ਗਲੀ ਅਤੇ ਕੋਨੇ ਵਿੱਚ ਨਸ਼ਿਆਂ ਵਿਰੁੱਧ ਪੈਦਲ ਯਾਤਰਾਵਾਂ ਕੱਢੀਆਂ ਜਾਣਗੀਆਂ, ਤਾਂ ਜੋ ਸਮਾਜ ਦੇ ਹਰ ਵਰਗ ਨੂੰ ਇਸ ਲੋਕ-ਅੰਦੋਲਨ ਨਾਲ ਜੋੜਿਆ ਜਾ ਸਕੇ। ਇਹ ਪ੍ਰਗਟਾਵਾ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਪਿੰਡ ਬਰੜਵਾਲ ਵਿਖੇ ਧੂਰੀ ਹਲਕੇ ਦੇ ਸਰਪੰਚਾਂ, ਪੰਚਾਇਤ ਸਕੱਤਰਾਂ ਅਤੇ ਵਲੰਟੀਅਰਾਂ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਸਬੰਧੀ ਕਰਵਾਈ ਗਈ ਟਰੇਨਿੰਗ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪਹਿਲੇ ਪੜਾਅ ਦੌਰਾਨ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਵੱਡੇ ਪੱਧਰ 'ਤੇ ਸਖ਼ਤ ਕਾਰਵਾਈ ਕੀਤੀ ਗਈ, ਜਿਸ ਨਾਲ ਨਾ ਸਿਰਫ਼ ਸਜ਼ਾ ਦਰ ਵਿੱਚ ਵਾਧਾ ਹੋਇਆ, ਸਗੋਂ ਲੋਕਾਂ ਦੀ ਭਾਗੀਦਾਰੀ ਵੀ ਕਾਫ਼ੀ ਵਧੀ। ਉਨ੍ਹਾਂ ਨੇ



ਕਿਹਾ ਕਿ ਦੂਜਾ ਪੜਾਅ ਸੂਬੇ ਵਿੱਚੋਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਪੰਜਾਬ ਨੂੰ ਇਕਜੁਟ ਕਰੇਗਾ। ਇਸ ਮੌਕੇ ਐਸ.ਡੀ.ਐਮ ਧੂਰੀ ਰਿਸ਼ਭ ਬਾਂਸਲ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਵਿੱਚ ਵਿਲੇਜ ਡਿਫੈਂਸ ਕਮੇਟੀਆਂ, ਪੰਚਾਇਤੀ ਰਾਜ ਸੰਸਥਾਵਾਂ ਅਤੇ ਸਥਾਨਕ ਲੋਕਾਂ ਦੀ ਭੂਮਿਕਾ ਬਹੁਤ ਅਹਿਮ ਹੈ। ਉਨ੍ਹਾਂ ਸਰਪੰਚਾਂ ਅਤੇ ਪੰਚਾਇਤ ਸਕੱਤਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਪਿੰਡਾਂ ਵਿੱਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਮੁਹਿੰਮਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਨਸ਼ਾ ਤਸਕਰਾਂ ਸਬੰਧੀ ਜਾਣਕਾਰੀ ਬਿਨਾਂ ਕਿਸੇ ਡਰ ਦੇ ਸਬੰਧਤ ਵਿਭਾਗਾਂ ਤੱਕ ਪਹੁੰਚਾਉਣ। ਇਸ ਦੌਰਾਨ ਡੀ.ਐਸ.ਪੀ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਨਸ਼ਿਆਂ ਨਾਲ ਜੁੜੇ ਹਰ ਗੈਰਕਾਨੂੰਨੀ ਧੰਦੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਨਤਾ ਦਾ ਸਹਿਯੋਗ ਮਿਲਣ ਨਾਲ ਨਸ਼ਿਆਂ ਵਿਰੁੱਧ ਲੜਾਈ ਹੋਰ ਪ੍ਰਭਾਵਸ਼ਾਲੀ ਬਣੇਗੀ। ਟਰੇਨਿੰਗ ਦੌਰਾਨ ਹਾਜ਼ਰੀਨ ਨੇ ਭਰੋਸਾ ਦਿੱਤਾ ਕਿ ਸਾਰੀਆਂ ਪੰਚਾਇਤਾਂ, ਵਲੰਟੀਅਰ ਅਤੇ ਸਮਾਜਿਕ ਸੰਸਥਾਵਾਂ ਮਿਲ ਕੇ ਨਸ਼ਿਆਂ ਵਿਰੁੱਧ ਇਸ ਲੜਾਈ ਨੂੰ ਕਾਮਯਾਬ ਬਣਾਉਣਗੀਆਂ, ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦਾ ਸੁਪਨਾ ਸਾਕਾਰ ਹੋ ਸਕੇ। ਇਸ ਮੌਕੇ ਬੀ.ਡੀ.ਪੀ.ਓ. ਸੁਖਵਿੰਦਰ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਸਰਪੰਚ, ਪੰਚਾਇਤ ਸਕੱਤਰ ਅਤੇ ਵਲੰਟੀਅਰ ਵੀ ਮੌਜੂਦ ਸਨ।

# ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਨਵੀਂ ਲਾਇਬ੍ਰੇਰੀ ਦਾ ਉਦਘਾਟਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਇੱਕ ਇਤਿਹਾਸਕ ਪਹਿਲਕਦਮੀ ਤਹਿਤ, ਅੱਜ ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਨਵੀਂ ਸਥਾਪਿਤ ਲਾਇਬ੍ਰੇਰੀ ਦਾ ਉਦਘਾਟਨ ਮਹਾਤਮਾ ਗਾਂਧੀ ਰਾਜ ਲੋਕ ਪ੍ਰਸ਼ਾਸਨ ਸੰਸਥਾ (ਮਗਸੀਪਾ) ਦੇ ਮੁੱਖ ਦਫਤਰ, ਸੈਕਟਰ 26, ਚੰਡੀਗੜ੍ਹ ਵਿਖੇ ਕੀਤਾ ਗਿਆ। ਲਾਇਬ੍ਰੇਰੀ ਦਾ ਉਦਘਾਟਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸਾਂਝੇ ਤੌਰ 'ਤੇ ਕੀਤਾ। ਮੁੱਖ ਮਹਿਮਾਨ ਕੁਲਤਾਰ ਸਿੰਘ ਸੰਧਵਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੀਆਂ ਲਾਇਬ੍ਰੇਰੀਆਂ ਸੰਵਿਧਾਨਕ ਸੰਸਥਾਵਾਂ ਨੂੰ ਬੌਧਿਕ ਤੌਰ 'ਤੇ ਮਜ਼ਬੂਤ ਕਰਦੀਆਂ ਹਨ ਅਤੇ ਜਨਤਕ ਹਿੱਤਾਂ ਨਾਲ ਸਬੰਧਤ ਮਾਮਲਿਆਂ ਵਿੱਚ ਸਹੀ ਦਿਸ਼ਾ ਪ੍ਰਦਾਨ ਕਰਦੀਆਂ ਹਨ। ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਇਹ ਪਹਿਲ ਖੁਰਾਕ ਸੁਰੱਖਿਆ, ਕਿਸਾਨਾਂ ਦੀ ਭਲਾਈ ਅਤੇ ਗਰੀਬਾਂ ਦੀ ਭਲਾਈ ਲਈ ਬਹੁਤ ਲਾਭਦਾਇਕ ਸਾਬਤ ਹੋਵੇਗੀ।



ਇਸ ਮੌਕੇ 'ਤੇ, ਖੁਰਾਕ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਦੱਸਿਆ ਕਿ ਪੰਜਾਬ ਰਾਜ ਖੁਰਾਕ ਕਮਿਸ਼ਨ ਭਾਰਤ ਵਿੱਚ ਪਹਿਲਾ ਰਾਜ ਖੁਰਾਕ ਕਮਿਸ਼ਨ ਸੰਸਥਾ ਬਣ ਗਿਆ ਹੈ ਜਿਸਨੇ ਰਸਮੀ ਤੌਰ 'ਤੇ ਲਾਇਬ੍ਰੇਰੀ ਸਥਾਪਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਪੂਰੇ ਦੇਸ਼ ਲਈ ਮਾਣ ਵਾਲੀ ਗੱਲ ਹੈ ਅਤੇ ਦੂਜੇ ਰਾਜਾਂ ਲਈ ਪ੍ਰੇਰਨਾ ਦਾ ਕੰਮ ਕਰੇਗੀ। ਇਸ ਮੌਕੇ ਕਮਿਸ਼ਨ ਦੇ ਮੈਂਬਰ ਵਿਜੇ ਦੱਤ, ਚੇਤਨ ਪ੍ਰਕਾਸ਼ ਧਾਲੀਵਾਲ, ਅਤੇ ਜਸਵੀਰ ਸਿੰਘ ਸੇਖੋਂ ਨੇ ਕਿਹਾ ਕਿ ਲਾਇਬ੍ਰੇਰੀ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, ਸੰਵਿਧਾਨਕ ਉਪਬੰਧਾਂ, ਨਿਆਂਇਕ ਫੈਸਲਿਆਂ, ਖੇਤੀਬਾੜੀ, ਪੋਸ਼ਣ ਅਤੇ ਲੋਕ ਭਲਾਈ ਯੋਜਨਾਵਾਂ ਨਾਲ ਸਬੰਧਤ ਕਿਤਾਬਾਂ ਅਤੇ ਖੋਜ ਸਮੱਗਰੀ ਨਾਲ ਲੈਸ ਹੈ। ਇਹ ਕਦਮ ਖੁਰਾਕ ਕਮਿਸ਼ਨ ਦੇ ਕੰਮਕਾਜ ਵਿੱਚ ਪਾਰਦਰਸ਼ਿਤਾ, ਗੁਣਵੱਤਾ ਅਤੇ ਇੱਕ ਨਿਰਪੱਖ ਫੈਸਲਾ ਲੈਣ ਦੀ ਪ੍ਰਕਿਰਿਆ ਨੂੰ ਮਜ਼ਬੂਤ ਕਰੇਗਾ। ਇਸ ਸਮੇਂ ਨਵੇਂ ਸਾਲ ਦੇ ਮੌਕੇ 'ਤੇ ਪੰਜਾਬ ਰਾਜ ਖੁਰਾਕ ਕਮਿਸ਼ਨ ਨੇ ਸੁਖਮਨੀ ਸਾਹਿਬ ਦੇ ਪਾਠ, ਅਤੇ ਸ਼ਬਦ ਕੀਰਤਨ ਦਾ ਆਯੋਜਨ ਕੀਤਾ। ਸਮਾਗਮ ਦੇ ਅੰਤ 'ਤੇ, ਚੇਅਰਮੈਨ ਅਤੇ ਸਾਰੇ ਮੈਂਬਰਾਂ ਨੇ ਸਾਰੇ ਮੁੱਖ ਮਹਿਮਾਨਾਂ, ਵਿਸ਼ੇਸ਼ ਮਹਿਮਾਨਾਂ, ਅਧਿਕਾਰੀਆਂ, ਕਰਮਚਾਰੀਆਂ ਅਤੇ ਸੰਗਤ ਦੇ ਮੈਂਬਰਾਂ ਦਾ ਦਿਲੋਂ ਧੰਨਵਾਦ ਕੀਤਾ।

# ਆਪ ਨੇ ਮਗਨਰੇਗਾ ਨੂੰ ਖ਼ਤਮ ਕਰਨ ਵਿਰੁੱਧ ਨਾਭਾ ਵਿੱਚ ਕੇਂਦਰ ਖ਼ਿਲਾਫ਼ ਕੀਤਾ ਪ੍ਰਦਰਸ਼ਨ, ਪੀਐਮ ਮੋਦੀ ਦਾ ਫੂਕਿਆ ਪੁਤਲਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਨੇ ਨਾਭਾ ਦੇ ਪਟਿਆਲਾ ਗੇਟ ਵਿਖੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਮਗਨਰੇਗਾ ਸਕੀਮ ਨੂੰ ਯੋਜਨਾਬੱਧ ਤਰੀਕੇ ਨਾਲ ਖ਼ਤਮ ਕਰਨ ਦੇ ਵਿਰੋਧ ਵਿੱਚ ਵਿਸ਼ਾਲ ਪ੍ਰਦਰਸ਼ਨ ਕੀਤਾ। ਸੈਂਕੜੇ ਮਗਨਰੇਗਾ ਵਰਕਰਾਂ ਨੇ ਸੜਕਾਂ 'ਤੇ ਉਤਰ ਕੇ ਕੇਂਦਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਰੁਜ਼ਗਾਰ ਗਾਰੰਟੀ ਸਕੀਮ ਵਿੱਚ ਗਰੀਬ ਵਿਰੋਧੀ ਨੀਤੀਗਤ ਤਬਦੀਲੀਆਂ ਵਿਰੁੱਧ ਆਪਣਾ ਗੁੱਸਾ ਜ਼ਾਹਰ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕਿਆ। ਮੀਡੀਆ ਨਾਲ ਗੱਲਬਾਤ ਕਰਦਿਆਂ 'ਆਪ' ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਕੇਂਦਰ ਜੇਕਰ ਚਾਹੇ ਤਾਂ ਮਗਨਰੇਗਾ ਦਾ ਨਾਂ ਬਦਲ ਸਕਦਾ ਹੈ, ਪਰ ਇਸ ਦੀ ਨੀਤੀ ਅਤੇ ਮਨਸ਼ਾ ਵਿੱਚ ਮੁਕੰਮਲ ਤਬਦੀਲੀ ਅਸਵੀਕਾਰਨਯੋਗ ਹੈ। ਦੇਵ ਮਾਨ ਨੇ ਕਿਹਾ ਕਿ ਮੋਦੀ ਸਰਕਾਰ ਨੇ ਮਗਨਰੇਗਾ ਦੀ ਰੂਹ ਹੀ ਬਦਲ ਦਿੱਤੀ ਹੈ। ਇਸ ਦੀਆਂ ਨਵੀਆਂ ਨੀਤੀਆਂ ਦਾ ਮਕਸਦ ਗਰੀਬਾਂ ਨੂੰ ਕੁਚਲਣਾ, ਉਹਨਾਂ ਦੀ ਰੋਜ਼ੀ-ਰੋਟੀ ਦਾ ਗਲਾ ਘੁੱਟਣਾ ਅਤੇ ਉਹਨਾਂ ਨੂੰ ਹੋਰ ਗਰੀਬੀ ਵਿੱਚ ਧੱਕਣਾ ਹੈ। ਉਨ੍ਹਾਂ ਨੇ ਕੇਂਦਰ 'ਤੇ ਉਨ੍ਹਾਂ ਲੋਕਾਂ ਨਾਲ ਧੋਖਾ ਕਰਨ ਦਾ ਦੋਸ਼ ਲਾਇਆ ਜਿਨ੍ਹਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਦੇਸ਼ ਨੂੰ ਬਣਾਇਆ ਹੈ। ਉਨ੍ਹਾਂ ਕਿਹਾ ਕਿ ਸੜਕਾਂ ਅਤੇ ਖੇਤਾਂ ਤੋਂ ਲੈ ਕੇ ਉੱਚੀਆਂ ਇਮਾਰਤਾਂ ਤੱਕ, ਸੂਈਆਂ ਤੋਂ ਲੈ ਕੇ ਜਹਾਜ਼ਾਂ ਤੱਕ, ਇਹ ਦੇਸ਼ ਮਜ਼ਦੂਰਾਂ ਨੇ ਬਣਾਇਆ ਹੈ। ਫਿਰ ਵੀ ਅੱਜ ਉਹੀ ਮਜ਼ਦੂਰਾਂ 'ਤੇ ਹਮਲੇ ਹੋ ਰਹੇ ਹਨ। ਜਿਨ੍ਹਾਂ ਨੇ 1947 ਤੋਂ ਗਰੀਬਾਂ ਦੀਆਂ ਵੋਟਾਂ ਲੈ ਕੇ ਸਰਕਾਰਾਂ ਬਣਾਈਆਂ, ਉਹ ਹੁਣ ਉਨ੍ਹਾਂ ਨੂੰ



ਸਜ਼ਾਵਾਂ ਦੇ ਰਹੇ ਹਨ। ਵਿਧਾਇਕ ਨੇ ਕੇਂਦਰ ਦੇ ਮਗਨਰੇਗਾ ਫੰਡਿੰਗ ਦਾ 40 ਫੀਸਦੀ ਬੋਝ ਸੂਬਿਆਂ 'ਤੇ ਪਾਉਣ ਦੇ ਫੈਸਲੇ ਦਾ ਵੀ ਸਖ਼ਤ ਵਿਰੋਧ ਕਰਦਿਆਂ ਇਸ ਨੂੰ "ਪੂਰੀ ਤਰ੍ਹਾਂ ਨਾਲ ਗੈਰ-ਵਾਜਬ ਅਤੇ ਸੰਘਵਾਦ ਵਿਰੋਧੀ" ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸੂਬੇ ਇਹ ਵਾਧੂ ਬੋਝ ਕਿਵੇਂ ਝੱਲਣਗੇ? ਇਹ ਸੰਘੀ ਢਾਂਚੇ 'ਤੇ ਸਿੱਧਾ ਹਮਲਾ ਹੈ ਅਤੇ ਭਲਾਈ ਸਕੀਮਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਹੈ। ਦੇਵ ਮਾਨ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਅਤੇ ਮਗਨਰੇਗਾ ਦੇ ਹੱਕ ਵਿੱਚ ਇੱਕਜੁੱਟ ਹੋ ਕੇ ਆਵਾਜ਼ ਉਠਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਵਿਧਾਨ ਸਭਾ ਨੇ ਸਪੱਸ਼ਟ ਤੌਰ 'ਤੇ ਕੇਂਦਰ ਤੋਂ ਮੰਗ ਕੀਤੀ ਹੈ ਕਿ ਮਗਨਰੇਗਾ ਨੂੰ ਉਸਦੇ ਅਸਲੀ ਰੂਪ ਵਿੱਚ ਬਹਾਲ ਕੀਤਾ ਜਾਵੇ ਅਤੇ ਇਹ ਗਰੀਬ ਵਿਰੋਧੀ ਤਬਦੀਲੀਆਂ ਵਾਪਸ ਲਈਆਂ ਜਾਣ। ਉਨ੍ਹਾਂ ਕਿਹਾ ਕਿ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਸੀਨੀਅਰ ਆਗੂ ਮਨੀਸ਼ ਸਿਸੋਦੀਆ, ਅਮਨ ਅਰੋੜਾ ਅਤੇ ਸਮੁੱਚੀ ਪਾਰਟੀ ਮਗਨਰੇਗਾ ਵਰਕਰਾਂ ਦੇ ਨਾਲ ਚਟਾਨ ਵਾਂਗ ਖੜ੍ਹੀ ਹੈ। ਇਸ ਮੌਕੇ 'ਆਪ' ਆਗੂ ਅਮਰੀਕ ਸਿੰਘ ਬਾਂਗੜ ਵੀ ਹਾਜ਼ਰ ਸਨ, ਜਿਨ੍ਹਾਂ ਨੇ ਵਰਕਰਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਅਤੇ ਕੇਂਦਰ ਦੀਆਂ ਨੀਤੀਆਂ ਦੀ ਨਿਖੇਧੀ ਕੀਤੀ। ਇਸ ਮੌਕੇ ਬੋਲਦਿਆਂ 'ਆਪ' ਐਸਸੀ ਵਿੰਗ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਜੀਪੀ ਨੇ ਕਿਹਾ ਕਿ ਪਾਰਟੀ ਮਗਨਰੇਗਾ ਦੇ ਬਚਾਅ ਵਿੱਚ ਸੂਬਾ ਵਿਆਪੀ ਪ੍ਰਦਰਸ਼ਨਾਂ ਦੀ ਅਗਵਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਪੂਰੇ ਪੰਜਾਬ ਵਿੱਚ ਪ੍ਰਦਰਸ਼ਨ ਕਰ ਰਹੀ ਹੈ। ਕੱਲ੍ਹ ਅਸੀਂ ਜਲੰਧਰ ਵਿੱਚ ਪ੍ਰਦਰਸ਼ਨ ਕੀਤਾ ਸੀ, ਅੱਜ ਨਾਭਾ ਵਿੱਚ ਅਤੇ ਇਹ ਅੰਦੋਲਨ ਪੂਰੇ ਸੂਬੇ ਵਿੱਚ ਤੇਜ਼ ਹੋਵੇਗਾ। ਗੁਰਪ੍ਰੀਤ ਸਿੰਘ ਜੀਪੀ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਕਿਸਾਨਾਂ, ਮਜ਼ਦੂਰਾਂ ਅਤੇ ਪੱਛੜੇ ਵਰਗਾਂ ਦੇ ਹੱਕਾਂ 'ਤੇ ਲਗਾਤਾਰ ਹਮਲੇ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਪਹਿਲਾਂ ਕਿਸਾਨਾਂ 'ਤੇ ਤਿੰਨ ਕਾਲੇ ਖੇਤੀ ਕਾਨੂੰਨ ਥੋਪੇ ਗਏ ਸਨ। ਫਿਰ ਸੰਵਿਧਾਨ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ। ਹੁਣ ਮਗਨਰੇਗਾ ਦੇ ਨਵੇਂ ਕਾਨੂੰਨਾਂ ਰਾਹੀਂ ਕੰਮਕਾਜੀ ਔਰਤਾਂ ਅਤੇ ਗਰੀਬ ਪਰਿਵਾਰਾਂ 'ਤੇ ਸਭ ਤੋਂ ਵੱਧ ਮਾਰ ਪੈ ਰਹੀ ਹੈ। ਅਸੀਂ ਇਸ ਬੇਇਨਸਾਫ਼ੀ ਨੂੰ ਬਰਦਾਸ਼ਤ ਨਹੀਂ ਕਰਾਂਗੇ।





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ

## AMERICA ਵਿੱਚ

## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment

ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**

**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments, For any Disease, at any Age Try Alternative Treatment**

**Safe and Effective Medicines without any Side Effects**



GURDIP S SANDHU




**Consultant/Physician Since 1973 DHMS-Gold Medalist, BAMS, MDEH Ex-Prof, Principal & CMO Medical Colleges/Hospitals in India**

**(408) 687-1899    (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# 'ਯੁੱਧ ਨਸ਼ਿਆਂ ਵਿਰੁੱਧ' ਦੀ ਤਰਜ਼ ਉੱਤੇ ਗੈਂਗਸਟਰਾਂ ਖ਼ਿਲਾਫ਼ ਜੰਗ ਵਿੱਢੀ ਜਾਵੇਗੀ ਪੰਜਾਬ ਵਿੱਚੋਂ ਸਾਰੇ ਗੈਂਗਸਟਰਾਂ ਅਤੇ ਉਨ੍ਹਾਂ ਦੇ ਨੈੱਟਵਰਕ ਦਾ ਹੋਵੇਗਾ ਸਫ਼ਾਇਆ: ਅਰਵਿੰਦ ਕੇਜਰੀਵਾਲ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਇਕ ਮਜ਼ਬੂਤ ਸਿਆਸੀ ਸੰਦੇਸ਼ ਦਿੰਦੇ ਹੋਏ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਵੇਂ ਚੁਣੇ ਗਏ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸਮਿਤੀ ਮੈਂਬਰਾਂ ਨਾਲ ਮੁਲਾਕਾਤ ਕੀਤੀ ਅਤੇ ਜ਼ੋਰ ਦੇ ਕੇ ਆਖਿਆ ਕਿ ਪੰਜਾਬ ਡਰ, ਗੁੰਡਾਗਰਦੀ ਅਤੇ ਹੇਰਾਫੇਰੀ ਵਾਲੀਆਂ ਚੋਣਾਂ ਦੇ ਯੁੱਗ ਤੋਂ ਫੈਸਲਾਕੁੰਨ ਤੌਰ ਉੱਤੇ ਬਾਹਰ ਆ ਗਿਆ ਹੈ। ਉਨ੍ਹਾਂ ਨਾਲ ਹੀ ਐਲਾਨ ਕੀਤਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਹੁਣ 'ਯੁੱਧ ਨਸ਼ਿਆਂ ਵਿਰੁੱਧ' ਦੀ ਤਰਜ਼ ਉੱਤੇ ਗੈਂਗਸਟਰਾਂ ਵਿੱਧ ਵੱਡੇ ਪੱਧਰ ਉੱਤੇ ਜੰਗ ਸ਼ੁਰੂ ਕਰੇਗੀ।

ਪੰਚਾਇਤ ਚੋਣਾਂ ਵਿੱਚ 'ਆਪ' ਦੀ 70 ਪ੍ਰਤੀਸ਼ਤ ਤੋਂ ਵੱਧ ਸੀਟਾਂ ਉੱਤੇ ਸ਼ਾਨਦਾਰ ਜਿੱਤ ਨੂੰ ਸਾਫ਼-ਸੁਥਰੀ ਰਾਜਨੀਤੀ ਅਤੇ ਇਮਾਨਦਾਰ ਸ਼ਾਸਨ ਲਈ ਫਤਵਾ ਦੱਸਦਿਆਂ 'ਆਪ' ਮੁਖੀ ਨੇ ਕਿਹਾ ਕਿ ਪੰਜਾਬ ਨੇ ਆਪਣੇ ਇਤਿਹਾਸ ਵਿੱਚ ਸਥਾਨਕ ਇਕਾਈਆਂ ਦੀਆਂ ਚੋਣਾਂ ਸਭ ਤੋਂ ਸਾਫ਼ਗੋਈ ਨਾਲ ਹੁੰਦੀਆਂ ਦੇਖੀਆਂ ਹਨ, ਜਿਨ੍ਹਾਂ ਵਿੱਚ ਇਕ ਵੀ ਵੋਟ ਤਬਦੀਲ ਨਹੀਂ ਹੋਈ, ਜਦੋਂ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਲੋਕ ਪੱਖੀ ਸ਼ਾਸਨ ਨੇ ਰਵਾਇਤੀ ਪਾਰਟੀਆਂ ਨੂੰ ਆਪਣੇ ਮੈਨੀਫੈਸਟੋ ਦੁਬਾਰਾ ਲਿਖਣ ਲਈ ਮਜਬੂਰ ਕੀਤਾ ਹੈ।

'ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨਿਮਾਣੇ ਸਿੱਖ ਵਜੋਂ ਪੇਸ਼ ਹੋਵਾਂਗਾ ਅਤੇ ਅਕਾਲ ਤਖ਼ਤ ਦਾ ਹੁਕਮ ਸਭ ਤੋਂ ਉੱਪਰ ਹੈ: ਭਗਵੰਤ ਸਿੰਘ ਮਾਨ*

ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਸਬੰਧਤ ਮੁੱਦੇ ਉੱਤੇ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਸਾਰੇ ਸਬੂਤਾਂ ਨਾਲ ਤਖ਼ਤ ਸਾਹਿਬ ਅੱਗੇ ਜ਼ਰੂਰ ਪੇਸ਼ ਹੋਣਗੇ ਅਤੇ ਬੇਨਤੀ ਕੀਤੀ ਕਿ ਕਾਰਵਾਈ ਦਾ ਸਾਰੇ ਚੈਨਲਾਂ ਉੱਤੇ ਸਿੱਧਾ ਪ੍ਰਸਾਰਣ ਕੀਤਾ ਜਾਵੇ। ਉਨ੍ਹਾਂ ਕਿਹਾ ਕਿ "ਮੈਂ ਉੱਥੇ ਮੁੱਖ ਮੰਤਰੀ ਵਜੋਂ ਨਹੀਂ, ਸਗੋਂ ਇਕ ਨਿਮਾਣੇ ਸਿੱਖ ਵਜੋਂ ਪੇਸ਼ ਹੋਵਾਂਗਾ। ਸ੍ਰੀ ਅਕਾਲ ਤਖ਼ਤ ਸਾਹਿਬ ਹਰ ਸਿੱਖ ਲਈ ਪਵਿੱਤਰ ਹੈ ਅਤੇ ਸਾਡੇ ਭਾਈਚਾਰੇ ਦਾ ਸਭ ਤੋਂ ਮੁਕੱਦਸ ਸਥਾਨ ਹੈ। ਭਾਵੇਂ ਉਸ ਦਿਨ ਦੇਸ਼ ਦੇ ਰਾਸ਼ਟਰਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦਾ ਦੌਰਾ ਕਰਨਗੇ, ਮੈਂ ਫਿਰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਆਪਣੀ ਹਾਜ਼ਰੀ ਯਕੀਨੀ ਬਣਾਵਾਂਗਾ।"

ਉਨ੍ਹਾਂ ਸਪੱਸ਼ਟ ਤੌਰ ਉੱਤੇ ਕਿਹਾ ਕਿ ਉਨ੍ਹਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਸਭ ਤੋਂ ਉੱਪਰ ਹਨ। ਉਥੋਂ ਪ੍ਰਾਪਤ ਹੋਣ ਵਾਲੇ ਕਿਸੇ ਵੀ ਹੁਕਮ ਦੀ ਸੱਚੇ ਦਿਲੋਂ ਪਾਲਣਾ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ "ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਮੇਰੇ ਅਤੇ ਮੇਰੇ ਪਰਿਵਾਰ ਲਈ ਹਮੇਸ਼ਾ ਸਰਵਉੱਚ ਸੀ, ਹੈ ਅਤੇ ਰਹੇਗਾ। ਇਹ ਇਕ ਬਹੁਤ ਹੀ ਸਤਿਕਾਰਯੋਗ ਸਥਾਨ ਹੈ, ਜਿੱਥੋਂ ਸਿੱਖਾਂ ਨੂੰ ਸਦੀਵੀ ਸਕੂਨ ਅਤੇ ਤਾਕਤ ਮਿਲਦੀ ਹੈ।"

ਲੁਧਿਆਣਾ ਵਿੱਚ ਚੁਣੇ ਹੋਏ ਨੁਮਾਇੰਦਿਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ "ਸਭ ਤੋਂ ਪਹਿਲਾਂ, ਮੈਂ ਤੁਹਾਨੂੰ ਸਾਰਿਆਂ ਨੂੰ ਵਧਾਈ ਦਿੰਦਾ ਹਾਂ, ਜੋ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਬਲਾਕ ਸਮਿਤੀਆਂ ਦੇ ਮੈਂਬਰਾਂ ਵਜੋਂ ਇੰਨੀ ਵੱਡੀ ਗਿਣਤੀ ਵਿੱਚ ਚੁਣੇ ਗਏ ਹਨ। ਤੁਹਾਨੂੰ ਅੱਜ ਖ਼ੁਸ਼ੀ ਹੋਣੀ ਚਾਹੀਦੀ ਹੈ ਕਿਉਂਕਿ ਲੋਕਾਂ ਨੇ ਤੁਹਾਨੂੰ ਇਕ ਨਵੀਂ ਜ਼ਿੰਮੇਵਾਰੀ ਸੌਂਪੀ ਹੈ। ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਚੋਣਾਂ ਵਿੱਚ 'ਆਪ' ਨੇ ਕੁੱਲ ਸੀਟਾਂ ਵਿੱਚੋਂ 70 ਪ੍ਰਤੀਸ਼ਤ ਤੋਂ ਵੱਧ ਜਿੱਤੀਆਂ ਹਨ। ਇਹ ਤੁਹਾਡੀ ਪਾਰਟੀ ਦੀਆਂ ਸੀਟਾਂ ਹਨ।"

ਬੀਤੇ ਸਮੇਂ ਨੂੰ ਯਾਦ ਕਰਦਿਆਂ 'ਆਪ' ਸੁਪਰੀਮੋ ਨੇ ਕਿਹਾ ਕਿ ਰਵਾਇਤੀ ਤੌਰ ਉੱਤੇ ਸੱਤਾਧਾਰੀ ਪਾਰਟੀ ਵੱਲੋਂ ਪੰਚਾਇਤੀ ਚੋਣਾਂ ਤਾਕਤ ਅਤੇ ਹੇਰਾਫੇਰੀ ਰਾਹੀਂ ਜਿੱਤੀਆਂ ਜਾਂਦੀਆਂ ਸਨ। ਉਨ੍ਹਾਂ ਕਿਹਾ "2013 ਵਿੱਚ ਪੰਚਾਇਤੀ ਚੋਣਾਂ ਸਰਕਾਰ ਬਣਨ ਤੋਂ ਇਕ ਸਾਲ ਬਾਅਦ ਹੋਈਆਂ ਸਨ। 2017 ਵਿੱਚ ਵੀ ਸਰਕਾਰ ਬਣਨ ਤੋਂ ਇਕ ਸਾਲ ਬਾਅਦ 2018 ਵਿੱਚ ਚੋਣਾਂ ਹੋਈਆਂ। ਇਸ ਦੇ ਬਾਵਜੂਦ ਵੱਡੇ ਪੱਧਰ ਉੱਤੇ ਬੂਥ ਕੈਪਚਰਿੰਗ, ਗੁੰਡਾਗਰਦੀ ਅਤੇ ਜ਼ਬਰਦਸਤੀ ਹੋਈ ਅਤੇ ਉਦੋਂ ਹੀ ਉਹ ਜਿੱਤੇ।"

ਇਸ ਦੀ ਮੌਜੂਦਾ ਸਮੇਂ ਨਾਲ ਤੁਲਨਾ ਕਰਦੇ ਹੋਏ ਅਰਵਿੰਦ ਕੇਜਰੀਵਾਲ ਨੇ ਕਿਹਾ "ਅੱਜ, ਸਾਡੀ ਸਰਕਾਰ ਦੇ ਚਾਰ ਸਾਲਾਂ ਬਾਅਦ ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਹੋਈਆਂ ਅਤੇ ਬਿਲਕੁੱਲ ਵੀ ਜ਼ਬਰਦਸਤੀ ਨਹੀਂ ਕੀਤੀ ਗਈ। ਨਤੀਜੇ ਦੇਖੋ, 600 ਤੋਂ ਵੱਧ ਸੀਟਾਂ ਅਜਿਹੀਆਂ ਹਨ, ਜਿੱਥੇ ਉਮੀਦਵਾਰ 100 ਤੋਂ ਘੱਟ ਵੋਟਾਂ ਨਾਲ ਜਿੱਤੇ। ਇਨ੍ਹਾਂ ਵਿੱਚੋਂ 350 ਤੋਂ ਵੱਧ ਸੀਟਾਂ ਵਿਰੋਧੀ ਧਿਰ ਨੇ ਜਿੱਤੀਆਂ। ਬਹੁਤੀਆਂ ਸੀਟਾਂ ਅਜਿਹੀਆਂ ਹਨ, ਜਿੱਥੇ ਕਾਂਗਰਸ ਜਾਂ ਅਕਾਲੀ ਦਲ ਦੇ ਉਮੀਦਵਾਰ ਸਿਰਫ਼ ਇਕ ਵੋਟ ਨਾਲ ਜਿੱਤੇ ਹਨ। ਕੀ ਤੁਸੀਂ ਕਦੇ ਸੁਣਿਆ ਹੈ ਕਿ ਕੋਈ ਸੱਤਾਧਾਰੀ ਪਾਰਟੀ ਦਾ ਉਮੀਦਵਾਰ ਇੱਕ ਵੋਟ ਨਾਲ ਹਾਰ ਗਿਆ ਹੈ।"

ਉਨ੍ਹਾਂ ਅੱਗੇ ਕਿਹਾ ਕਿ ਜੇ 'ਆਪ' ਸੱਤਾ ਦੀ ਦੁਰਵਰਤੋਂ ਕਰਨਾ ਚਾਹੁੰਦੀ ਤਾਂ ਇਹ ਬਹੁਤ ਆਸਾਨ ਹੁੰਦਾ। "ਜੇ ਅਸੀਂ ਜ਼ਬਰਦਸਤੀ ਕਰਨਾ ਚਾਹੁੰਦੇ ਤਾਂ ਅਸੀਂ ਸਬ-ਡਿਵੀਜ਼ਨਲ ਮੈਜਿਸਟਰੇਟ (ਐਸ.ਡੀ.ਐਮ.) ਨੂੰ ਬੁਲਾ ਸਕਦੇ ਸੀ ਅਤੇ ਆਪਣੇ ਉਮੀਦਵਾਰ ਨੂੰ ਚੁਣੇ ਹੋਏ ਐਲਾਨ ਸਕਦੇ ਸੀ। ਇਕ ਵੋਟ ਨੂੰ ਇੱਥੇ ਜਾਂ ਉੱਥੇ ਬਦਲਣਾ ਮੁਸ਼ਕਲ ਨਹੀਂ ਹੈ ਪਰ ਅਸੀਂ ਅਜਿਹਾ ਨਹੀਂ ਕੀਤਾ। ਅਸੀਂ ਇਸ ਲਈ ਰਾਜਨੀਤੀ ਵਿੱਚ ਨਹੀਂ ਆਏ। 'ਆਪ' ਜ਼ਬਰਦਸਤੀ, ਭ੍ਰਿਸ਼ਟਾਚਾਰ ਜਾਂ ਗੁੰਡਾਗਰਦੀ ਕਰਨ ਲਈ ਨਹੀਂ ਬਣਾਈ ਗਈ। ਜੇ ਇਹੀ ਟੀਚਾ ਹੁੰਦਾ ਤਾਂ ਸਾਡੇ ਅਤੇ ਕਾਂਗਰਸ, ਭਾਜਪਾ ਜਾਂ ਅਕਾਲੀ ਦਲ ਵਿੱਚ ਕੀ



ਫ਼ਰਕ ਰਹਿੰਦਾ। ਅਸੀਂ ਰਾਜਨੀਤੀ ਬਦਲਣ, ਰਾਜਨੀਤੀ ਨੂੰ ਸਾਫ਼ ਕਰਨ ਅਤੇ ਜ਼ਬਰਦਸਤੀ ਤੇ ਗੁੰਡਾਗਰਦੀ ਨੂੰ ਖ਼ਤਮ ਕਰਨ ਲਈ ਆਏ ਹਾਂ।"

ਪੰਜਾਬ ਵਿੱਚ ਡੂੰਘੀਆਂ ਜੜ੍ਹਾਂ ਜਮਾਈ ਬੈਠੀਆਂ ਸਮੱਸਿਆਵਾਂ ਬਾਰੇ ਬੋਲਦਿਆਂ 'ਆਪ' ਮੁਖੀ ਨੇ ਕਿਹਾ "ਉਹ ਪੂਰੇ ਪੰਜਾਬ ਵਿੱਚ ਨਸ਼ੇ ਫੈਲਾਉਂਦੇ ਹਨ। ਨਸ਼ੇ ਕੌਣ ਵੇਚਦਾ ਹੈ? ਭਾਵੇਂ ਇਹ ਇਕ ਪਾਰਟੀ ਹੋਵੇ ਜਾਂ ਦੂਜੀ, ਇਹ ਉਨ੍ਹਾਂ ਦੇ ਚਾਚੇ, ਭਰਾ, ਜਵਾਈ ਹਨ, ਜੋ ਨਸ਼ੇ ਵੇਚ ਰਹੇ ਹਨ, ਅਪਰਾਧ ਵਿੱਚ ਸ਼ਾਮਲ ਹਨ ਅਤੇ ਗੈਂਗ ਚਲਾ ਰਹੇ ਹਨ। ਉਹ ਖੁੱਲ੍ਹੇਆਮ ਗੈਂਗਸਟਰਾਂ ਨੂੰ ਟਿਕਟਾਂ ਦਿੰਦੇ ਹਨ। ਅਸੀਂ ਇਹ ਕਰਨ ਨਹੀਂ ਆਏ। ਅਸੀਂ ਇਸ ਸਿਸਟਮ ਨੂੰ ਸਾਫ਼ ਕਰਨ ਆਏ ਹਾਂ। ਅਸੀਂ ਆਪਣੀਆਂ ਜਾਨਾਂ ਦਾਅ ਉੱਤੇ ਲਗਾ ਦਿੱਤੀਆਂ ਹਨ, ਸਭ ਕੁਝ ਕੁਰਬਾਨ ਕਰ ਦਿੱਤਾ ਹੈ। ਉਨ੍ਹਾਂ ਨੇ ਮੈਨੂੰ ਆਪਣੇ ਵਿਰੁੱਧ ਆਵਾਜ਼ ਉਠਾਉਣ ਲਈ ਜੇਲ੍ਹ ਭੇਜਿਆ। ਉਨ੍ਹਾਂ ਨੂੰ ਲੱਗਦਾ ਸੀ ਕਿ ਅਰਵਿੰਦ ਕੇਜਰੀਵਾਲ ਬੋਲਣਾ ਬੰਦ ਕਰ ਦੇਵੇਗਾ। ਮੈਂ ਬਾਹਰ ਆਇਆ ਅਤੇ ਹੋਰ ਵੀ ਉੱਚੀ ਆਵਾਜ਼ ਵਿੱਚ ਗਰਜਿਆ।"

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪੂਰੀ ਤਰ੍ਹਾਂ ਸਾਫ਼-ਸੁਥਰੇ ਢੰਗ ਨਾਲ ਚੋਣਾਂ ਹੋਈਆਂ। ਉਨ੍ਹਾਂ ਕਿਹਾ ਕਿ "ਇਕ ਵੀ ਵੋਟ ਨਹੀਂ ਬਦਲੀ ਗਈ। ਚਾਰ ਸਾਲਾਂ ਦੇ ਸ਼ਾਸਨ ਤੋਂ ਬਾਅਦ ਪੰਜਾਬ ਨੂੰ ਚਲਾਉਣ ਦੀਆਂ ਵੱਡੀਆਂ ਚੁਣੌਤੀਆਂ ਦੇ ਬਾਵਜੂਦ ਲੋਕਾਂ ਨੇ ਅਜੇ ਵੀ ਸਾਨੂੰ ਵੋਟ ਦਿੱਤੀ। ਜਦੋਂ ਅਸੀਂ ਸੱਤਾ ਸੰਭਾਲੀ ਤਾਂ ਪੈਸਾ ਨਹੀਂ ਸੀ ਅਤੇ ਪੰਜਾਬ ਕਰਜ਼ੇ ਵਿੱਚ ਡੁੱਬਿਆ ਹੋਇਆ ਸੀ। ਉਨ੍ਹਾਂ ਨੇ ਸਭ ਕੁੱਝ ਲੁੱਟ ਲਿਆ। ਪਹਿਲਾਂ ਤਨਖਾਹਾਂ ਸਮੇਂ ਸਿਰ ਨਹੀਂ ਦਿੱਤੀਆਂ ਜਾਂਦੀਆਂ ਸਨ। ਸਾਡੇ ਸਮੇਂ ਵਿੱਚ ਇਕ ਮਹੀਨਾ ਵੀ ਨਹੀਂ ਬੀਤਿਆ, ਜਦੋਂ ਤਨਖਾਹਾਂ ਵਿੱਚ ਦੇਰੀ ਹੋਈ ਹੋਵੇ। ਹਰ ਕਿਸੇ ਨੂੰ ਸਮੇਂ ਸਿਰ ਤਨਖ਼ਾਹ ਮਿਲਦੀ ਹੈ। ਅਸੀਂ ਇਮਾਨਦਾਰੀ ਨਾਲ ਸਰਕਾਰ ਚਲਾ ਰਹੇ ਹਾਂ, ਇਕ-ਇਕ ਪੈਸਾ ਬਚਾ ਰਹੇ ਹਾਂ ਅਤੇ ਨਤੀਜੇ ਦੇ ਰਹੇ ਹਾਂ।"

ਅਰਵਿੰਦ ਕੇਜਰੀਵਾਲ ਨੇ ਆਪਣੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ "ਵੱਡੇ ਕੰਮ ਹੋ ਰਹੇ ਹਨ। ਬਿਜਲੀ ਮੁਫ਼ਤ ਹੋ ਗਈ ਹੈ। ਪਹਿਲਾਂ ਪਿਛਲੀਆਂ ਚੋਣਾਂ ਦੌਰਾਨ ਮੈਂ ਜਿੱਥੇ ਵੀ ਜਾਂਦਾ ਸੀ, ਲੋਕ ਬਿਜਲੀ ਦੇ ਬਿੱਲ ਲੈ ਕੇ ਬੈਠਦੇ ਸਨ ਅਤੇ ਕਹਿੰਦੇ ਸਨ ਕਿ ਉਨ੍ਹਾਂ ਕੋਲ ਛੋਟਾ ਜਿਹਾ ਘਰ ਹੈ, ਇਕ ਪੱਖਾ ਹੈ, ਫਿਰ ਵੀ ਉਨ੍ਹਾਂ ਨੂੰ 10 ਹਜ਼ਾਰ ਰੁਪਏ ਦੇ ਬਿੱਲ ਮਿਲੇ ਹਨ। ਅੱਜ ਲੋਕਾਂ ਨੂੰ ਬਿਜਲੀ ਦੇ ਬਿੱਲ ਜ਼ੀਰੋ ਮਿਲ ਰਹੇ ਹਨ। ਜੇ ਇਹ ਚਮਤਕਾਰ ਨਹੀਂ ਹੈ ਤਾਂ ਕੀ ਹੈ, ਪੁਰਾਣੇ ਬਿੱਲ ਮੁਆਫ਼ ਕਰ ਦਿੱਤੇ ਗਏ ਹਨ।"

ਉਨ੍ਹਾਂ ਕਿਹਾ ਕਿ ਚੋਣ ਫਤਵਾ ਪ੍ਰਦਰਸ਼ਨ ਨੂੰ ਦਰਸਾਉਂਦਾ ਹੈ। "ਚਾਰ ਸਾਲ ਸਰਕਾਰ ਵਿੱਚ ਰਹਿਣ ਤੋਂ ਬਾਅਦ ਜੇਕਰ ਅਸੀਂ 38 ਪ੍ਰਤੀਸ਼ਤ ਵੋਟ ਹਿੱਸੇਦਾਰੀ ਨਾਲ 70 ਪ੍ਰਤੀਸ਼ਤ ਤੋਂ ਵੱਧ ਸੀਟਾਂ ਜਿੱਤਦੇ ਹਾਂ ਤਾਂ ਉਹ 38 ਪ੍ਰਤੀਸ਼ਤ ਸਾਡੇ ਕੰਮ ਲਈ ਵੋਟ ਹੈ, ਜ਼ਬਰਦਸਤੀ ਜਾਂ ਭ੍ਰਿਸ਼ਟਾਚਾਰ ਲਈ ਨਹੀਂ। ਇਹ ਇਮਾਨਦਾਰੀ ਅਤੇ ਸ਼ਿਸ਼ਟਾਚਾਰ ਲਈ ਵੋਟ ਹੈ। ਸਾਡੀ ਪਾਰਟੀ ਨੇਕ ਲੋਕਾਂ ਦੀ ਪਾਰਟੀ ਹੈ।"

ਨਵੇਂ ਚੁਣੇ ਗਏ ਨੁਮਾਇੰਦਿਆਂ ਨੂੰ ਭਵਿੱਖ ਲਈ ਅਹਿਮ ਦੱਸਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ "ਹੁਣ ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਅਗਲੀਆਂ ਚੋਣਾਂ ਵਿੱਚ ਇਸ 38 ਪ੍ਰਤੀਸ਼ਤ ਵੋਟ ਹਿੱਸੇਦਾਰੀ ਨੂੰ 45 ਪ੍ਰਤੀਸ਼ਤ ਤੱਕ ਲੈ ਜਾਓ। 45 ਪ੍ਰਤੀਸ਼ਤ ਤੋਂ ਘੱਟ ਸਵੀਕਾਰਯੋਗ ਨਹੀਂ ਹੈ। ਤੁਹਾਨੂੰ ਪਿੰਡ-ਪਿੰਡ ਜਾਣਾ ਚਾਹੀਦਾ ਹੈ, ਲੋਕਾਂ ਨੂੰ ਹੱਥ ਜੋੜ ਕੇ ਮਿਲਣਾ ਚਾਹੀਦਾ ਹੈ। ਹੰਕਾਰ ਨੇ ਅਕਾਲੀ ਦਲ ਅਤੇ ਕਾਂਗਰਸ ਨੂੰ ਤਬਾਹ ਕਰ ਦਿੱਤਾ। ਜੇ ਤੁਸੀਂ ਹੰਕਾਰੀ ਬਣ ਜਾਂਦੇ ਹੋ ਤਾਂ ਸਾਡੇ ਨਾਲ ਵੀ ਇਹੀ ਹੋਵੇਗਾ। ਲੋਕਾਂ ਦੇ ਘਰਾਂ ਵਿੱਚ ਜਾਓ, ਉਨ੍ਹਾਂ ਦੀਆਂ ਖੁਸ਼ੀਆਂ-ਗਮੀਆਂ ਵਿੱਚ ਉਨ੍ਹਾਂ ਲਈ ਕੰਮ ਕਰੋ, ਸਿਰਫ਼ ਸਰਕਾਰੀ ਮਾਮਲਿਆਂ ਵਿੱਚ ਹੀ ਨਹੀਂ, ਸਗੋਂ ਨਿੱਜੀ ਮੁਸ਼ਕਲਾਂ ਵਿੱਚ ਵੀ, ਲੋਕਾਂ ਦੇ ਭਰਾ, ਉਨ੍ਹਾਂ ਦੇ ਪੁੱਤਰ ਬਣੋ।"

'ਆਪ' ਮੁਖੀ ਨੇ ਆਮ ਨਾਗਰਿਕਾਂ ਪ੍ਰਤੀ 'ਆਪ' ਦੀ ਵਚਨਬੱਧਤਾ ਉੱਤੇ ਜ਼ੋਰ ਦਿੱਤਾ। "ਆਪ ਉਹ ਪਾਰਟੀ ਹੈ, ਜੋ ਆਮ ਲੋਕਾਂ ਨੂੰ ਟਿਕਟਾਂ ਦਿੰਦੀ ਹੈ। ਇਹ ਉਹ ਪਾਰਟੀ ਹੈ, ਜਿੱਥੇ ਇੱਕ ਆਮ ਵਿਅਕਤੀ ਮੁੱਖ ਮੰਤਰੀ ਬਣਦਾ ਹੈ। ਭਗਵੰਤ ਸਿੰਘ ਮਾਨ ਦੇ ਪਿਤਾ ਸਿਆਸਤਦਾਨ ਨਹੀਂ ਸਨ। ਉਨ੍ਹਾਂ ਦੇ ਰਿਸ਼ਤੇਦਾਰਾਂ ਵਿੱਚੋਂ ਕੋਈ ਵੀ ਸਿਆਸਤ ਵਿੱਚ ਨਹੀਂ ਸੀ। ਫਿਰ ਵੀ ਉਹ ਮੁੱਖ ਮੰਤਰੀ ਬਣੇ। ਮੇਰੇ ਪਰਿਵਾਰ ਵਿੱਚ ਵੀ ਕੋਈ ਸਿਆਸਤਦਾਨ ਨਹੀਂ ਸੀ, ਫਿਰ ਵੀ ਮੈਂ ਮੁੱਖ ਮੰਤਰੀ ਬਣਿਆ। ਤੁਹਾਡੇ ਵਿੱਚੋਂ 90 ਪ੍ਰਤੀਸ਼ਤ ਤੋਂ ਵੱਧ ਅਜਿਹੇ ਪਰਿਵਾਰਾਂ ਤੋਂ ਵੀ ਆਉਂਦੇ ਹਨ, ਜਿਨ੍ਹਾਂ ਦਾ ਕੋਈ ਸਿਆਸੀ ਪਿਛੋਕੜ ਨਹੀਂ ਹੈ। ਜੇ ਤੁਸੀਂ ਚੰਗਾ ਕੰਮ ਕਰਦੇ ਹੋ ਤਾਂ ਤੁਸੀਂ ਸਿਰਫ਼ ਆਪਣੇ ਕੰਮ ਦੇ ਆਧਾਰ ਉੱਤੇ ਵਿਧਾਇਕ, ਮੰਤਰੀ ਬਣ ਸਕਦੇ ਹੋ।"

ਢਿੱਲ-ਮੱਠ ਵਿਰੁੱਧ ਸਪੱਸ਼ਟ ਚੇਤਾਵਨੀ ਦਿੰਦੇ ਹੋਏ 'ਆਪ' ਦੇ ਕੌਮੀ ਕਨਵੀਨਰ ਨੇ ਜ਼ੋਰ ਦੇ ਕੇ ਕਿਹਾ 'ਇਹ ਨਾ ਸੋਚੋ ਕਿ ਦਿੱਲੀ ਵਿੱਚ ਬੈਠੇ ਅਰਵਿੰਦ ਕੇਜਰੀਵਾਲ ਨੂੰ ਨਹੀਂ ਪਤਾ ਕਿ ਪੰਜਾਬ ਵਿੱਚ ਕੀ ਹੋ ਰਿਹਾ ਹੈ। ਅਸੀਂ ਜਾਣਦੇ ਹਾਂ ਕਿ ਕੌਣ ਕੰਮ ਕਰ ਰਿਹਾ ਹੈ ਅਤੇ ਕੌਣ ਨਹੀਂ। ਤੁਹਾਨੂੰ ਕਿਸੇ ਦੀ ਚਾਪਲੂਸੀ ਕਰਨ ਜਾਂ ਦਿੱਲੀ ਆਉਣ ਜਾਂ ਭਗਵੰਤ ਸਿੰਘ ਮਾਨ ਨੂੰ ਮਿਲਣ ਦੀ ਜ਼ਰੂਰਤ ਨਹੀਂ ਹੈ। ਜਿਸ ਵਿਅਕਤੀ ਨੂੰ ਲੋਕ ਪਿਆਰ ਕਰਦੇ ਹਨ, ਜਿਸ ਦੇ ਕੰਮ ਦੀ ਉਹ ਪ੍ਰਸ਼ੰਸਾ ਕਰਦੇ ਹਨ, ਅਰਵਿੰਦ ਕੇਜਰੀਵਾਲ ਉਸ ਦੇ ਘਰ ਜਾ ਕੇ ਉਸ ਨੂੰ ਟਿਕਟ ਦੇਵੇਗਾ। ਤੁਹਾਨੂੰ ਟਿਕਟ ਮੰਗਣ ਦੀ ਜ਼ਰੂਰਤ ਨਹੀਂ ਹੈ।"

ਉਨ੍ਹਾਂ ਨੇ ਸਵਾਰਥ ਤੋਂ ਉੱਪਰ ਉੱਠ ਕੇ ਸੇਵਾ ਦੀ ਅਪੀਲ ਕਰਦਿਆਂ ਕਿਹਾ "ਲੋਕਾਂ ਦੀ ਸੇਵਾ ਕਰੋ। ਪਰਮਾਤਮਾ ਨੇ ਤੁਹਾਨੂੰ ਇਹ ਮੌਕਾ ਦਿੱਤਾ ਹੈ ਅਤੇ ਬਹੁਤ ਘੱਟ ਲੋਕਾਂ ਨੂੰ ਅਜਿਹਾ ਮੌਕਾ ਮਿਲਦਾ ਹੈ। ਇਹ ਮੌਕੇ ਸਿਰਫ਼ 'ਆਪ' ਵਿੱਚ ਹੀ ਹੁੰਦੇ ਹਨ। ਹੋਰ ਪਾਰਟੀਆਂ ਗੈਂਗਸਟਰਾਂ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਟਿਕਟਾਂ ਦਿੰਦੀਆਂ ਹਨ। ਅਸੀਂ ਕਦੇ ਵੀ ਆਪਣੇ ਬੱਚਿਆਂ ਜਾਂ ਰਿਸ਼ਤੇਦਾਰਾਂ ਨੂੰ ਟਿਕਟਾਂ ਨਹੀਂ ਦਿੱਤੀਆਂ। ਸਿਰਫ਼ ਉਨ੍ਹਾਂ ਨੂੰ ਹੀ ਟਿਕਟਾਂ ਮਿਲਦੀਆਂ ਹਨ, ਜੋ ਲੋਕਾਂ ਦੀ ਸੇਵਾ ਕਰਦੇ ਹਨ।"

2017 ਤੋਂ ਪਹਿਲਾਂ ਦੇ ਮਾਹੌਲ ਬਾਰੇ ਗੱਲ ਕਰਦੇ ਹੋਏ ਅਰਵਿੰਦ ਕੇਜਰੀਵਾਲ ਨੇ ਕਿਹਾ "ਅਕਾਲੀ ਦਲ ਅਤੇ ਕਾਂਗਰਸ ਦੇ ਸ਼ਾਸਨ ਦੌਰਾਨ ਪੰਜਾਬ ਡਰ ਦੇ ਮਾਹੌਲ ਵਿੱਚ ਰਹਿੰਦਾ ਸੀ। ਝੂਠੇ ਮਾਮਲੇ ਆਮ ਸਨ। ਲੋਕ ਡਰੇ ਹੋਏ ਸਨ। ਅਸੀਂ ਉਸ ਮਾਹੌਲ ਨੂੰ ਖ਼ਤਮ ਕਰ ਦਿੱਤਾ। ਝੂਠੇ ਕੇਸ ਅਤੇ ਗੁੰਡਾਗਰਦੀ ਦਾ ਸੱਭਿਆਚਾਰ ਖ਼ਤਮ ਹੋ ਗਿਆ ਹੈ। ਪਹਿਲਾਂ, ਅਖ਼ਬਾਰਾਂ ਦਲਿਤ ਭਾਈਚਾਰੇ ਵਿੱਧ ਬੇਰਹਿਮੀ ਦੀਆਂ ਰਿਪੋਰਟਾਂ ਨਾਲ ਭਰੀਆਂ ਰਹਿੰਦੀਆਂ ਸਨ। ਅੱਜ ਅਸੀਂ ਅਜਿਹੀਆਂ ਘਟਨਾਵਾਂ ਨੂੰ ਸਫ਼ਲਤਾਪੂਰਵਕ ਰੋਕਿਆ ਹੈ। ਅੱਜ ਕੋਈ ਵੀ ਸਰਕਾਰ ਤੋਂ ਨਹੀਂ ਡਰਦਾ ਕਿਉਂਕਿ ਲੋਕ ਜਾਣਦੇ ਹਨ ਕਿ ਸਰਕਾਰ ਉਨ੍ਹਾਂ ਦੀ ਸੇਵਾ ਕਰਨ ਲਈ ਹੈ।"ਨਸ਼ਿਆਂ ਵਿੱਧ ਲੜਾਈ ਬਾਰੇ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਵਿੱਧ ਚੱਲ ਰਹੀ ਜੰਗ 'ਆਪ' ਸਰਕਾਰ ਦੀ ਰਾਜਨੀਤਿਕ ਇੱਛਾ ਸ਼ਕਤੀ ਅਤੇ ਹਿੰਮਤ ਦਾ ਨਤੀਜਾ ਹੈ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ "ਲੋਕ ਪੁੱਛਦੇ ਹਨ ਕਿ ਇਹ ਨਸ਼ਾ ਵਿਰੋਧੀ ਮੁਹਿੰਮ ਕਿੱਥੋਂ ਆਈ ਹੈ। ਪੰਜਾਬ ਵਿੱਚ ਨਸ਼ੇ ਕਿਸ ਨੇ ਫੈਲਾਏ। ਨਸ਼ੇ ਪਿਛਲੀਆਂ ਸਰਕਾਰਾਂ ਸਮੇਂ ਫੈਲੇ ਅਤੇ ਉਨ੍ਹਾਂ ਦੇ ਚਾਚੇ ਅਤੇ ਰਿਸ਼ਤੇਦਾਰ ਨਸ਼ੇ ਵੇਚਦੇ ਸਨ। ਉਨ੍ਹਾਂ ਦਾ ਇੱਕ ਸਭ ਤੋਂ ਵੱਡਾ ਆਗੂ ਅੱਜ ਜੇਲ੍ਹ ਵਿੱਚ ਬੈਠਾ ਹੈ। ਪਹਿਲਾਂ ਨਾ ਤਾਂ ਪੁਲਿਸ ਅਤੇ ਨਾ ਹੀ ਪ੍ਰਸ਼ਾਸਨ ਕੋਲ ਉਸ ਨੂੰ ਛੂਹਣ ਦੀ ਹਿੰਮਤ ਸੀ। ਜਦੋਂ ਅਸੀਂ ਕਿਹਾ ਕਿ ਉਸ ਨੂੰ ਜੇਲ੍ਹ ਭੇਜਿਆ ਜਾਣਾ ਚਾਹੀਦਾ ਹੈ ਤਾਂ ਇਹ ਸਿਰਫ਼ 'ਆਪ' ਸਰਕਾਰ ਸੀ, ਜਿਸ ਕੋਲ ਅਜਿਹਾ ਕਰਨ ਦਾ ਇਰਾਦਾ ਸੀ ਕਿਉਂਕਿ ਅਸੀਂ ਫੈਸਲਾ ਕੀਤਾ ਸੀ ਕਿ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ।"

ਉਨ੍ਹਾਂ ਕਿਹਾ ਕਿ ਸਰਕਾਰ ਨੇ ਨਸ਼ਾ ਤਸਕਰਾਂ ਵਿੱਧ ਸਖ਼ਤ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ "ਹਿੰਮਤ ਨਾਲ, ਅਸੀਂ ਵੱਡੇ ਨਸ਼ਾ ਤਸਕਰਾਂ ਨੂੰ ਜੇਲ੍ਹ ਭੇਜਿਆ ਹੈ। 28,000 ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ ਅਤੇ 400 ਤੋਂ ਵੱਧ ਨਸ਼ਾ ਤਸਕਰ ਇਸ ਸਮੇਂ ਸਲਾਖਾਂ ਪਿੱਛੇ ਹਨ। ਸਰਕਾਰ ਨੇ ਹੁਣ 'ਯੁੱਧ ਨਸ਼ਿਆਂ ਵਿਰੁੱਧ' ਦਾ ਦੂਜਾ ਪੜਾਅ ਸ਼ੁਰੂ ਕੀਤਾ ਹੈ। ਭਲਕ ਤੋਂ ਹਰ ਪਿੰਡ ਅਤੇ ਹਰ ਘਰ ਵਿੱਚ ਜਾਓ ਅਤੇ ਲੋਕਾਂ ਨੂੰ ਸਪੱਸ਼ਟ ਤੌਰ ਉੱਤੇ ਦੱਸੋ ਕਿ ਜੇ ਉਹ ਇਨ੍ਹਾਂ ਪਾਰਟੀਆਂ ਨੂੰ ਦੁਬਾਰਾ ਵੋਟ ਪਾਉਂਦੇ ਹਨ ਤਾਂ ਪੰਜਾਬ ਵਿੱਚ ਨਸ਼ੇ ਵਾਪਸ ਆ ਜਾਣਗੇ ਅਤੇ ਇਸ ਵਾਰ ਇਹ ਸੂਬੇ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਣਗੇ। ਗਲਤੀ ਨਾਲ ਵੀ ਇਨ੍ਹਾਂ ਪਾਰਟੀਆਂ ਨੂੰ ਵੋਟ ਨਾ ਦਿਓ।"

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਨੂੰ ਨਸ਼ੇ ਦੇ ਸੰਕਟ ਵਿੱਚੋਂ ਕੱਢਣਾ ਬਹੁਤ ਮੁਸ਼ਕਲ ਰਿਹਾ ਹੈ। ਉਨ੍ਹਾਂ ਕਿਹਾ "ਬਹੁਤ ਹਿੰਮਤ ਅਤੇ ਮਿਹਨਤ ਨਾਲ ਅਸੀਂ ਪੰਜਾਬ ਨੂੰ ਨਸ਼ਿਆਂ ਤੋਂ ਬਾਹਰ ਕੱਢ ਰਹੇ ਹਾਂ। ਘਰ-ਘਰ ਜਾ ਕੇ ਲੋਕਾਂ ਨੂੰ ਸਮਝਾਓ ਕਿ ਜੇ ਇਹ ਲੋਕ ਸੱਤਾ ਵਿੱਚ ਵਾਪਸ ਆਉਂਦੇ ਹਨ ਤਾਂ 10,000 ਂਪਏ ਦੇ ਬਿਜਲੀ ਬਿੱਲ ਵਾਪਸ ਆ ਜਾਣਗੇ। ਅਸੀਂ ਬਹੁਤ ਮੁਸ਼ਕਲ ਨਾਲ ਪੰਜਾਬ ਦੀ ਵਿੱਤੀ ਸਥਿਤੀ ਨੂੰ ਠੀਕ ਕੀਤਾ ਹੈ। ਅਸੀਂ ਰਾਜ ਦੇ ਬਜਟ ਦਾ ਪ੍ਰਬੰਧਨ ਕੀਤਾ ਹੈ ਅਤੇ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕਰ ਰਹੇ ਹਾਂ।"ਲੋਕ ਭਲਾਈ ਦਾ ਜ਼ਿਕਰ ਕਰਦੇ ਹੋਏ ਅਰਵਿੰਦ ਕੇਜਰੀਵਾਲ ਨੇ ਕਿਹਾ "ਦਿੱਲੀ ਵਿੱਚ ਮੈਂ ਮੁਫ਼ਤ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਮੁਹੱਲਾ ਕਲੀਨਿਕ ਬਣਾਏ। ਹੁਣ ਉੱਥੇ ਭਾਜਪਾ ਸਰਕਾਰ ਸੱਤਾ ਵਿੱਚ ਆ ਗਈ ਹੈ ਅਤੇ ਉਹ ਇਕ-ਇਕ ਕਰ ਕੇ ਮੁਹੱਲਾ ਕਲੀਨਿਕਾਂ ਨੂੰ ਬੰਦ ਕਰ ਰਹੇ ਹਨ। ਤੁਸੀਂ ਇਹ ਅਖ਼ਬਾਰਾਂ ਵਿੱਚ ਪੜ੍ਹਿਆ ਹੋਵੇਗਾ। ਜੇ ਉਨ੍ਹਾਂ ਨੂੰ ਸੱਤਾ ਵਿੱਚ ਲਿਆਂਦਾ ਗਿਆ ਤਾਂ ਉਹ ਸਾਰੇ ਮੁਹੱਲਾ ਕਲੀਨਿਕਾਂ ਨੂੰ ਬੰਦ ਕਰ ਦੇਣਗੇ। ਜੇ ਉਨ੍ਹਾਂ ਨੂੰ ਸੱਤਾ ਵਿੱਚ ਲਿਆਂਦਾ ਗਿਆ ਤਾਂ ਉਹ ਉਨ੍ਹਾਂ ਸਕੂਲਾਂ ਨੂੰ ਬੰਦ ਕਰ ਦੇਣਗੇ, ਜਿਨ੍ਹਾਂ ਦੀ ਅਸੀਂ ਇੰਨੀ ਮਿਹਨਤ ਨਾਲ ਮੁਰੰਮਤ ਕਰ ਰਹੇ ਹਾਂ।"ਰੋਜ਼ਗਾਰ ਪੈਦਾ ਕਰਨ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ "ਅੱਜ ਪੰਜਾਬ ਵਿੱਚ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਪਹਿਲਾਂ ਇੱਕ ਵੀ ਸਰਕਾਰੀ ਨੌਕਰੀ ਰਿਸ਼ਵਤ ਜਾਂ ਸਿਫ਼ਾਰਸ਼ਾਂ ਤੋਂ ਬਿਨਾਂ ਨਹੀਂ ਮਿਲਦੀ ਸੀ।

ਬਾਕੀ ਸਫ਼ਾ 26 'ਤੇ...


JVS LOGISTICS
2345 Enterprise Park Place Indianapolis Indiana, 46218
• ਇਥੇ ਸੈਮੀ ਟਰੱਕ ਟ੍ਰੇਲਰ ਦੀ ਮੁਰੰਮਤ ਕੀਤੀ ਜਾਂਦੀ ਹੈ
• ਇਥੇ ਅਸੀਂ Brakes, Drums, Tires, Radiators, Seals, Shocks, Air Bag ਵਰਗੀਆਂ ਸੇਵਾਵਾਂ ਦਿੰਦੇ ਹਾਂ
• ਸੇਮੀ ਟਰੱਕ ਅਤੇ ਟ੍ਰੇਲਰ ਦੀ ਪਾਰਕਿੰਗ lease ਤੇ ਲੈ ਸਕਦੇ ਹੋ
• ਕਰਾਸ ਡੌਕ ਸੇਵਾਵਾਂ
• ਲੋਡ ਟ੍ਰਾਂਸਫਰ ਅਤੇ ਰੀਸਟਾਕ ਕਰੋ
• ਟਿਲਟੇਡ ਪੈਲੇਟਸ ਨੂੰ ਸਿਧੇ ਕੀਤੇ ਜਾਂਦੇ ਹਨ
• ਖਿਲਰੇ ਹੋਏ ਲੋਡ ਨੂੰ ਰੀਸਟਾਕ ਕਰਵਾਓ
• ਇੰਡੀਆਨਾ ਏਰੀਏ 'ਚ ਲੋਡ ਡਿਲੇਵਰ ਕਰਵਾਓ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
JUGDEV SAMRA (317) 379-4065
SUKHDEV SAMRA (317) 250-3545
jvslogisticsllc@outlook.com
ਸਾਡੀ ਇਹ ਲੋਕੇਸ਼ਨ Near - Indianapolis Downtown on I-70, Exit 85B, Keystone Avenue


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


JK TYRE INC
JKTYRE
TOTAL CONTROL
KTD10-LEAO
Radial Truck Tire (Long Haul)
295/75R22.5
$2600
With Installation
Singh: 510-766-9382
JK JETSTEEL JDH
SPECIAL OFFER !!
DRIVE TIRE
11R22.5-
With Installation
Singh: 510-766-9382
Firestone FS591
STEER TIRE
295/75R22.5
With Installation
Singh: 510-766-9382
SPECIAL OFFER !!
11R22.5
With Installation
Singh: 510-766-9382
Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5
JETWAY JTH 1
SPECIAL OFFER !!
TRAILER TIRE
11R22.5-
11R24.5-
With Installation
Singh: 510-766-9382
JETWAY JTH SD
SPECIAL OFFER !!
TRAILER TIRE
295/75R22.5-
With Installation
Singh: 510-766-9382
JK JETSTEEL JDL2
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382
FALKEN TIRES
GOODYEAR
KELLY TIRES
Feel the difference
BARKLEY
PIRELLI
MICHELIN
A better way forward
BRIDGESTONE
Firestone
YOKOHAMA
PEARLY
NAMA
TOYO TIRES
driven to perform
Continental
DUNLOP TIRES
S. Singh Cell: (510) 766-9382
2955 N. Wilson Way Stockton , CA 95205

# ਅੰਮ੍ਰਿਤਸਰ ਹਵਾਈ ਅੱਡੇ 'ਤੇ ਸ਼ਕਾਇਤਾਂ ਦੇ ਬਾਵਜੂਦ ਨਹੀਂ ਰੁਕ ਰਹੀ ਪਾਰਕਿੰਗ ਫੀਸ ਦੀ ਨਾਜਾਇਜ਼ ਵਸੂਲੀ

## ਲੱਖਾਂ ਤੱਕ ਪਹੁੰਚ ਸਕਦੀ ਹੈ ਰੋਜ਼ਾਨਾ ਨਾਜਾਇਜ਼ ਵਸੂਲੀ ਦੀ ਰਕਮ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਾਰਕਿੰਗ ਫੀਸ ਦੀ ਵੱਧ ਵਸੂਲੀ ਦਾ ਮੁੜ ਇੱਕ ਨਵਾਂ ਮਾਮਲਾ ਸਾਹਮਣੇ ਆਇਆ ਹੈ। ਇੱਕ ਯਾਤਰੀ ਵੱਲੋਂ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਏਅਰਪੋਰਟ ਅਥਾਰਟੀ ਨੇ ਮੁਆਫ਼ੀ ਮੰਗਦਿਆਂ ਪਾਰਕਿੰਗ ਵਾਲਿਆ ਵੱਲੋਂ ਲਏ ਗਏ ਵੱਧ ਪੈਸੇ ਵਾਪਸ ਕਰਨ ਦਾ ਭਰੋਸਾ ਦਿੱਤਾ ਹੈ, ਪਰ ਇਸ ਮੁੱਦੇ ਨੇ ਹਵਾਈ ਅੱਡੇ ਦੇ ਪ੍ਰਬੰਧਾਂ ਅਤੇ ਜਵਾਬਦੇਹੀ 'ਤੇ ਮੁੜ ਸਵਾਲ ਖੜ੍ਹੇ ਕਰ ਦਿੱਤੇ ਹਨ।

ਕੀ ਹੈ ਪੂਰਾ ਮਾਮਲਾ? ਹਵਾਈ ਅੱਡਾ ਡਾਇਰੈਕਟਰ ਨੂੰ ਸੌਂਪੀ ਸ਼ਿਕਾਇਤ ਅਨੁਸਾਰ, ਸਤਵਿੰਦਰਜੀਤ ਸਿੰਘ ਨਾਮਕ ਵਿਅਕਤੀ 1 ਜਨਵਰੀ, 2026 ਨੂੰ ਦੁਪਹਿਰ 1:30 ਵਜੇ ਆਪਣੀ ਸਵਿਫਟ ਡਿਜ਼ਾਇਰ ਗੱਡੀ ਰਾਹੀਂ ਹਵਾਈ ਅੱਡੇ ਪਹੁੰਚਿਆ। ਤਕਰੀਬਨ ਇੱਕ ਘੰਟਾ ਚਾਲੀ ਮਿੰਟ ਗੱਡੀ ਪਾਰਕ ਕਰਨ ਦੇ ਉਸ ਕੋਲੋਂ 110 ਰੁਪਏ ਫੀਸ ਵਸੂਲੀ ਗਈ।

ਹਵਾਈ ਅੱਡੇ ਦੇ ਅਧਿਕਾਰਤ ਰੇਟਾਂ ਅਨੁਸਾਰ, ਪਹਿਲੇ 30 ਮਿੰਟ ਲਈ 20 ਰੁਪਏ ਅਤੇ 31 ਤੋਂ 120 ਮਿੰਟ ਤੱਕ 55 ਰੁਪਏ ਫੀਸ ਤੈਅ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਪਾਰਕਿੰਗ ਸਟਾਫ਼ ਨੇ ਦਾਅਵਾ ਕੀਤਾ ਕਿ 1 ਜਨਵਰੀ ਤੋਂ ਰੇਟ ਬਦਲ ਗਏ ਹਨ, ਜਦਕਿ ਰੇਟ ਬੋਰਡ 'ਤੇ ਅਜਿਹਾ ਕੁਝ ਵੀ ਨਹੀਂ ਲਿਖਿਆ ਸੀ।

ਸਤਵਿੰਦਰਜੀਤ ਸਿੰਘ ਨੇ ਇਹ ਵੀ ਦੋਸ਼ ਲਾਇਆ ਕਿ ਪਾਰਕਿੰਗ ਸਟਾਫ਼ ਨੇ ਐਂਟਰੀ ਸਲਿੱਪ ਵਾਪਸ ਲੈ ਲਈ ਅਤੇ ਬਾਹਰ ਨਿਕਲਣ ਵੇਲੇ ਜੋ ਰਸੀਦ ਦਿੱਤੀ, ਉਸ ਉੱਤੇ ਨਾ ਤਾਂ ਐਂਟਰੀ ਦਾ ਸਮਾਂ ਸੀ ਅਤੇ ਨਾ ਹੀ ਗੱਡੀ ਦਾ ਨੰਬਰ, ਜਿਸ ਕਾਰਨ ਪਾਰਦਰਸ਼ਤਾ ਦੀ




ਘਾਟ ਸਾਫ਼ ਨਜ਼ਰ ਆ ਰਹੀ ਸੀ। ਸ਼ਿਕਾਇਤ ਤੋਂ ਬਾਅਦ ਅਧਿਕਾਰੀਆਂ ਨੇ ਮੁਸਾਫਰ ਤੋਂ ਮੁਆਫ਼ੀ ਮੰਗੀ ਅਤੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਕਿਹਾ ਕਿ ਹਵਾਈ ਅੱਡਾ ਪ੍ਰਸ਼ਾਸਨ ਦਾ ਜਵਾਬ ਸ਼ਲਾਘਾਯੋਗ ਹੈ, ਪਰ ਇਹ ਕੋਈ ਇੱਕਲਾ ਮਾਮਲਾ ਨਹੀਂ ਹੈ। ਉਨ੍ਹਾਂ ਕਿਹਾ, "ਪਿਛਲੇ ਕਈ ਸਾਲਾਂ ਤੋਂ ਸਾਨੂੰ ਲਗਾਤਾਰ ਪਾਰਕਿੰਗ ਵਿੱਚ ਵੱਧ ਵਸੂਲੀ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ। ਸਤਵਿੰਦਰਜੀਤ ਸਿੰਘ ਨੇ ਵੀ ਹੋਰਨਾਂ ਵਾਂਗ ਇਸ ਸੰਬੰਧੀ ਸਾਡੇ ਨਾਲ ਸੰਪਰਕ ਕੀਤਾ। ਸਾਨੂੰ ਹਰ ਮਹੀਨੇ ਕਈ ਲੋਕ ਸੋਸਲ ਮੀਡੀਆ ਰਾਹੀਂ ਵੱਧ ਫੀਸ ਲਏ ਜਾਣ ਬਾਰੇ ਸੁਨੇਹੇ ਭੇਜਦੇ ਹਨ, ਪਰ ਕੁੱਝ ਹੀ ਲੋਕ ਲਿਖਤੀ ਸ਼ਿਕਾਇਤ ਕਰਨ ਦਾ ਉਪਰਾਲਾ ਕਰਦੇ ਹਨ। ਕਈ ਵਾਰ ਮੁਸਾਫਰਾਂ ਨੂੰ ਸਹੀ ਰੇਟ ਪਤਾ ਹੋਣ ਦੇ ਬਾਵਜੂਦ ਵੀ ਸਟਾਫ਼ ਉਨ੍ਹਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੁੰਦਾ।"

ਗੁਮਟਾਲਾ ਨੇ ਚਿੰਤਾ ਪ੍ਰਗਟਾਈ ਕਿ ਵਾਰ-ਵਾਰ ਸ਼ਿਕਾਇਤਾਂ ਅਤੇ ਮੀਡੀਆ ਰਿਪੋਰਟਾਂ ਦੇ ਬਾਵਜੂਦ ਉਹੀ ਠੇਕੇਦਾਰ ਕੰਮ ਕਰ ਰਿਹਾ ਹੈ ਅਤੇ ਦੋਸ਼ੀਆਂ ਵਿਰੁੱਧ ਕੀਤੀ ਗਈ ਕਾਰਵਾਈ ਜਾਂ ਜੁਰਮਾਨੇ ਬਾਰੇ ਕੋਈ ਲਿਖਤੀ ਜਾਣਕਾਰੀ ਜਨਤਕ ਨਹੀਂ ਕੀਤੀ ਜਾਂਦੀ। ਉਨ੍ਹਾਂ ਕਈ ਵਾਰ ਫਾਸਟੈਗ ਸਿਸਟਮ ਨੂੰ ਬੰਦ ਰੱਖਣ ਅਤੇ 'ਪਿੱਕ-ਅੱਪ ਐਂਡ ਡਰਾਪ' ਏਰੀਏ ਵਿੱਚ ਗੈਰ-ਕਾਨੂੰਨੀ ਟੈਕਸੀਆਂ ਦੀ ਭਰਮਾਰ ਕਾਰਨ ਪੈਦਾ ਹੁੰਦੀ ਅਵਵਸਥਾ ਦਾ ਮੁੱਦਾ ਵੀ ਉਠਾਇਆ।

ਉਨ੍ਹਾਂ ਕਿਹਾ ਕਿ ਜਦੋਂ ਹਰ ਰੋਜ਼ ਹਵਾਈ ਅੱਡੇ 'ਤੇ ਹਜ਼ਾਰਾਂ ਵਾਹਨ ਆਉਂਦੇ ਹਨ, ਤਾਂ ਪ੍ਰਤੀ ਵਾਹਨ ਸਿਰਫ 10 ਤੋਂ 50 ਰੁਪਏ ਦੀ ਵੱਧ ਵਸੂਲੀ ਵੀ ਦਿਨਾਂ ਜਾਂ ਮਹੀਨਿਆਂ ਵਿੱਚ ਲੱਖਾਂ ਰੁਪਏ ਤੱਕ ਪਹੁੰਚ ਸਕਦੀ ਹੈ। ਅਜਿਹੀਆਂ ਘਟਨਾਵਾਂ ਸੋਸ਼ਲ ਮੀਡੀਆ 'ਤੇ ਵਾਰ-ਵਾਰ ਵਾਇਰਲ ਹੁੰਦੀਆਂ ਹਨ, ਜਿਸ ਨਾਲ ਹਵਾਈ ਅੱਡੇ ਦਾ ਅਕਸ ਖ਼ਰਾਬ ਹੁੰਦਾ ਹੈ ਅਤੇ ਕੁੱਝ ਮੁਸਾਫਰ ਦਿੱਲੀ ਜਾਂ ਚੰਡੀਗੜ੍ਹ ਹਵਾਈ ਅੱਡੇ ਨੂੰ ਤਰਜੀਹ ਦੇਣ ਲੱਗ ਪੈਂਦੇ ਹਨ, ਜੋ ਕਿ ਅੰਮ੍ਰਿਤਸਰ ਦੇ ਹਵਾਈ ਸੰਪਰਕ ਲਈ ਨੁਕਸਾਨਦੇਹ ਹੈ।

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਇਹ ਮੁੱਦਾ ਮੀਡੀਆ ਅਤੇ ਸੋਸਲ ਮੀਡੀਆ ਰਾਹੀਂ ਉਠਾਉਂਦਿਆਂ ਏਅਰਪੋਰਟਸ ਅਥਾਰਟੀ ਆਫ ਇੰਡੀਆ ਦੇ ਚੇਅਰਮੈਨ ਵਿਪਿਨ ਕੁਮਾਰ (ਆਈਏਐਸ) ਤੋਂ ਮੰਗ ਕੀਤੀ ਹੈ ਕਿ ਉਹ ਇਸ ਮਾਮਲੇ ਵਿੱਚ ਦਖ਼ਲ ਦੇ ਕੇ ਪਾਰਕਿੰਗ ਪ੍ਰਬੰਧਾਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ।

...ਸਫ਼ਾ 22 ਦੀ ਬਾਕੀ

# 'ਯੁੱਧ ਨਸ਼ਿਆਂ ਵਿਰੁੱਧ' ਦੀ ਤਰਜ਼ ਉੱਤੇ ਗੈਂਗਸਟਰਾਂ ਖ਼ਿਲਾਫ਼ ਜੰਗ ਵਿੱਢੀ ਜਾਵੇਗੀ ਪੰਜਾਬ ਵਿੱਚੋਂ ਸਾਰੇ ਗੈਂਗਸਟਰਾਂ ਅਤੇ ਉਨ੍ਹਾਂ ਦੇ ਨੈੱਟਵਰਕ ਦਾ ਹੋਵੇਗਾ ਸਫ਼ਾਇਆ: ਅਰਵਿੰਦ ਕੇਜਰੀਵਾਲ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 60,000 ਨੌਕਰੀਆਂ ਦਿੱਤੀਆਂ ਹਨ। ਮੈਨੂੰ ਇੱਕ ਅਜਿਹਾ ਵਿਅਕਤੀ ਦਿਖਾਓ, ਜੋ ਕਹਿੰਦਾ ਹੈ ਕਿ ਉਸ ਨੇ ਰਿਸ਼ਵਤ ਦੇ ਕੇ ਨੌਕਰੀ ਪ੍ਰਾਪਤ ਕੀਤੀ ਹੈ। ਮੈਨੂੰ ਇੱਕ ਅਜਿਹਾ ਵਿਅਕਤੀ ਦਿਖਾਓ, ਜੋ ਕਹਿੰਦਾ ਹੈ ਕਿ ਉਸ ਨੂੰ ਸਿਫ਼ਾਰਸ਼ ਰਾਹੀਂ ਨੌਕਰੀ ਮਿਲੀ ਹੈ। ਅੱਜ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਦੇ ਬੱਚਿਆਂ ਨੂੰ ਸਿਰਫ਼ ਯੋਗਤਾ ਦੇ ਆਧਾਰ ਉੱਤੇ ਸਰਕਾਰੀ ਨੌਕਰੀਆਂ ਮਿਲ ਰਹੀਆਂ ਹਨ। ਉਨ੍ਹਾਂ ਨੂੰ ਪੁਲਿਸ ਅਤੇ ਪ੍ਰਸ਼ਾਸਨ ਵਿੱਚ ਭਰਤੀ ਕੀਤਾ ਜਾ ਰਿਹਾ ਹੈ। ਪਹਿਲੀ ਵਾਰ, ਲੋਕਾਂ ਨੂੰ ਇਮਾਨਦਾਰੀ ਨਾਲ ਨੌਕਰੀਆਂ ਮਿਲ ਰਹੀਆਂ ਹਨ।"ਉਨ੍ਹਾਂ ਯਾਦ ਕੀਤਾ ਕਿ ਪਹਿਲਾਂ ਵਿਰੋਧ ਪ੍ਰਦਰਸ਼ਨ ਕਿਵੇਂ ਆਮ ਹੋ ਗਏ ਸਨ। ਉਨ੍ਹਾਂ ਕਿਹਾ "ਪਹਿਲਾਂ, ਜਦੋਂ ਮੈਂ ਅਤੇ ਭਗਵੰਤ ਸਿੰਘ ਮਾਨ ਪੰਜਾਬ ਦਾ ਦੌਰਾ ਕਰਦੇ ਸੀ ਤਾਂ ਅਸੀਂ ਹਰ ਜਗ੍ਹਾ ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਪਾਣੀ ਦੀਆਂ ਟੈਂਕੀਆਂ ਉੱਤੇ ਬੈਠੇ ਦੇਖਦੇ ਸੀ। ਅਧਿਆਪਕਾਂ ਨੂੰ ਕਲਾਸਰੂਮਾਂ ਵਿੱਚ ਹੋਣਾ ਚਾਹੀਦਾ ਹੈ। ਅੱਜ, ਤੁਹਾਨੂੰ ਇਕ ਵੀ ਕਰਮਚਾਰੀ ਪਾਣੀ ਦੀ ਟੈਂਕੀ ਉੱਤੇ ਬੈਠਾ ਨਹੀਂ ਮਿਲੇਗਾ। ਅਸੀਂ ਸਾਰਿਆਂ ਦੀਆਂ ਮੰਗਾਂ ਪੂਰੀਆਂ ਕੀਤੀਆਂ ਹਨ।"

ਬੁਨਿਆਦੀ ਢਾਂਚੇ ਦੇ ਵਿਕਾਸ ਬਾਰੇ ਬੋਲਦਿਆਂ, ਅਰਵਿੰਦ ਕੇਜਰੀਵਾਲ ਨੇ ਕਿਹਾ "ਅੱਜ ਬਣ ਰਹੀਆਂ ਸੜਕਾਂ ਨੂੰ ਦੇਖੋ। ਹਰ ਪਿੰਡ ਵਿੱਚ ਸ਼ਾਨਦਾਰ ਸੜਕਾਂ ਬਣਾਈਆਂ ਜਾ ਰਹੀਆਂ ਹਨ। ਲਗਪਗ 19,000 ਕਿਲੋਮੀਟਰ ਪਿੰਡਾਂ ਦੀਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ। ਪੰਜਾਬ ਦੀਆਂ ਕੁੱਲ 64,000 ਕਿਲੋਮੀਟਰ ਸੜਕਾਂ ਵਿੱਚੋਂ, 42,000 ਕਿਲੋਮੀਟਰ ਇਸ ਸਮੇਂ ਨਿਰਮਾਣ ਅਧੀਨ ਹਨ। ਪਿੰਡਾਂ ਅਤੇ ਸ਼ਹਿਰਾਂ ਵਿੱਚ ਸਾਰੀਆਂ ਸੜਕਾਂ ਛੇ ਮਹੀਨਿਆਂ ਦੇ ਅੰਦਰ ਪੂਰੀਆਂ ਹੋ ਜਾਣਗੀਆਂ। ਤੁਸੀਂ ਖੁਦ ਦੇਖੋਗੇ।"ਉਨ੍ਹਾਂ ਨੇ ਤੀਰਥ ਯਾਤਰਾ ਪਹਿਲਕਦਮੀ ਬਾਰੇ ਵੀ ਗੱਲ ਕੀਤੀ। ਉਨ੍ਹਾਂ ਕਿਹਾ "ਅਸੀਂ ਤੀਰਥ ਯਾਤਰਾਵਾਂ ਸ਼ੁਰੂ ਕੀਤੀਆਂ ਹਨ। ਹਰ ਪਿੰਡ ਤੋਂ ਇਕ ਜਾਂ ਦੋ ਬੱਸਾਂ ਤੀਰਥ ਯਾਤਰਾ ਲਈ ਜਾ ਰਹੀਆਂ ਹਨ। ਬੱਸਾਂ ਦਰਬਾਰ ਸਾਹਿਬ, ਦੁਰਗਿਆਣਾ ਮੰਦਰ ਅਤੇ ਵਾਹਗਾ ਸਰਹੱਦ ਵੱਲ ਜਾ ਰਹੀਆਂ ਹਨ।"ਕਾਨੂੰਨ ਵਿਵਸਥਾ ਬਾਰੇ 'ਆਪ' ਮੁਖੀ ਨੇ ਕਿਹਾ ਕਿ ਨਸ਼ਿਆਂ ਤੋਂ ਬਾਅਦ ਸਰਕਾਰ ਗੈਂਗਸਟਰਾਂ ਵਿੱਧ ਵੱਡੀ ਮੁਹਿੰਮ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ "ਜਿਵੇਂ ਅਸੀਂ ਨਸ਼ਿਆਂ ਵਿੱਧ ਜੰਗ ਸ਼ੁਰੂ ਕੀਤੀ ਸੀ, ਉਸੇ ਤਰ੍ਹਾਂ ਅਸੀਂ ਗੈਂਗਸਟਰਾਂ ਵਿੱਧ ਵੀ ਜੰਗ ਸ਼ੁਰੂ ਕਰਾਂਗੇ। ਪੰਜਾਬ ਵਿੱਚ ਸਾਰੇ ਗੈਂਗਸਟਰਾਂ ਅਤੇ ਉਨ੍ਹਾਂ ਦੇ ਨੈੱਟਵਰਕ ਦਾ ਖ਼ਾਤਮਾ ਕੀਤਾ ਜਾਵੇਗਾ। ਅਸੀਂ ਉਨ੍ਹਾਂ ਨੂੰ ਨਹੀਂ ਬਖਸ਼ਾਂਗੇ।"ਨਵੇਂ ਚੁਣੇ ਗਏ ਨੁਮਾਇੰਦਿਆਂ ਨੂੰ ਜ਼ਿੰਮੇਵਾਰੀ ਸੰਭਾਲਣ ਦਾ ਸੱਦਾ ਦਿੰਦੇ ਹੋਏ ਅਰਵਿੰਦ ਕੇਜਰੀਵਾਲ ਨੇ ਕਿਹਾ "ਅੱਜ ਤੁਹਾਡੇ ਸਾਰਿਆਂ ਨੂੰ ਮਿਲ ਕੇ ਬਹੁਤ ਵਧੀਆ ਲੱਗਿਆ। ਜਿਵੇਂ ਕਿ ਮੈਂ ਪਹਿਲਾਂ ਕਿਹਾ ਸੀ, ਸਾਡਾ ਸਿਰਫ਼ ਇਕ ਹੀ ਟੀਚਾ ਹੈ। ਸਾਡੇ ਕੋਲ ਜੋ 38 ਪ੍ਰਤੀਸ਼ਤ ਵੋਟ ਸ਼ੇਅਰ ਹੈ, ਉਸ ਨੂੰ 45 ਪ੍ਰਤੀਸ਼ਤ ਤੱਕ ਲੈ ਜਾਣਾ ਚਾਹੀਦਾ ਹੈ। ਇਹ ਜ਼ਿੰਮੇਵਾਰੀ ਹੁਣ ਤੁਹਾਡੇ ਮੋਢਿਆਂ ਉੱਤੇ



ਹੈ। ਲੋਕਾਂ ਨੇ ਤੁਹਾਨੂੰ ਮੌਕਾ ਦਿੱਤਾ ਹੈ। ਤੁਹਾਡੇ ਵਿੱਚੋਂ ਬਹੁਤ ਸਾਰੇ ਪਹਿਲੀ ਵਾਰ ਰਾਜਨੀਤੀ ਵਿੱਚ ਆਏ ਹਨ। ਪਰਮਾਤਮਾ ਨੇ ਤੁਹਾਨੂੰ ਇਹ ਮੌਕਾ ਦਿੱਤਾ ਹੈ।"

ਅਰਵਿੰਦ ਕੇਜਰੀਵਾਲ ਨੇ ਸਖ਼ਤ ਚੇਤਾਵਨੀ ਦਿੰਦੇ ਹੋਏ ਕਿਹਾ "ਜੇ ਤੁਸੀਂ ਹੰਕਾਰੀ ਹੋ ਜਾਂਦੇ ਹੋ, ਜੇ ਤੁਸੀਂ ਪੈਸਾ ਕਮਾਉਣ ਉੱਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰ ਦਿੰਦੇ ਹੋ ਜਾਂ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋ ਜਾਂਦੇ ਹੋ ਤਾਂ ਤੁਹਾਡਾ ਰਾਜਨੀਤਿਕ ਜੀਵਨ ਹਮੇਸ਼ਾ ਲਈ ਖਤਮ ਹੋ ਜਾਵੇਗਾ। ਪਰ ਜੇ ਤੁਸੀਂ ਆਪਣੇ ਆਪ ਨੂੰ ਸੇਵਾ ਲਈ ਸਮਰਪਿਤ ਕਰ ਦਿੰਦੇ ਹੋ, ਤਾਂ ਪਰਮਾਤਮਾ ਤੁਹਾਨੂੰ ਬਹੁਤ ਦੂਰ ਲੈ ਜਾਵੇਗਾ। ਇਹ ਸੰਭਵ ਹੈ ਕਿ ਮਾਨ ਸਾਹਿਬ ਤੋਂ ਬਾਅਦ, ਪੰਜਾਬ ਦਾ ਅਗਲਾ ਮੁੱਖ ਮੰਤਰੀ ਅੱਜ ਇਸੇ ਹਾਲ ਵਿੱਚ ਬੈਠਾ ਹੋਵੇ।"ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਦੂਰਦਰਸ਼ੀ ਸੋਚ ਅਤੇ ਗਤੀਸ਼ੀਲਤਾ ਨੇ ਰਵਾਇਤੀ ਰਾਜਨੀਤਿਕ ਪਾਰਟੀਆਂ ਨੂੰ ਆਪਣੇ ਚੋਣ ਮਨੋਰਥ ਪੱਤਰਾਂ ਨੂੰ ਦੁਬਾਰਾ ਲਿਖਣ ਅਤੇ ਆਪਣੀਆਂ ਤਰਜੀਹਾਂ ਉੱਤੇ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ ਹੈ। ਉਨ੍ਹਾਂ ਕਿਹਾ "ਅਰਵਿੰਦ ਕੇਜਰੀਵਾਲ ਕਾਰਨ ਇਸ ਦੇਸ਼ ਦੀ ਰਾਜਨੀਤੀ ਬਦਲ ਗਈ ਹੈ। ਸਿੱਖਿਆ, ਸਿਹਤ ਅਤੇ ਬਿਜਲੀ ਸਿਰਫ਼ 'ਆਪ' ਦੇ ਕਾਰਨ ਰਾਜਨੀਤਿਕ ਚਰਚਾ ਦੇ ਕੇਂਦਰ ਵਿੱਚ ਆਏ ਹਨ। ਇਸ ਤੋਂ ਪਹਿਲਾਂ ਕਿਸੇ ਵੀ ਰਾਜਨੀਤਿਕ ਪਾਰਟੀ ਨੇ ਕਦੇ ਵੀ ਇਨ੍ਹਾਂ ਖੇਤਰਾਂ ਦੀ ਚਿੰਤਾ ਨਹੀਂ ਕੀਤੀ, ਭਾਵੇਂ ਇਹ ਆਮ ਆਦਮੀ ਲਈ ਸਭ ਤੋਂ ਵੱਧ ਮਾਇਨੇ ਰੱਖਦੇ ਹਨ।"

ਨਵੇਂ ਚੁਣੇ ਗਏ ਨੁਮਾਇੰਦਿਆਂ ਨੂੰ ਵਧਾਈ ਦਿੰਦੇ ਹੋਏ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਲੋਕਾਂ ਨਾਲ ਸਿੱਧਾ ਸਬੰਧ ਬਣਾ ਕੇ ਇਹ ਚੋਣਾਂ ਜਿੱਤੀਆਂ ਹਨ, ਉਨ੍ਹਾਂ ਕਿਹਾ ਕਿ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵਿਧਾਨ ਸਭਾ ਜਾਂ ਸੰਸਦੀ ਚੋਣਾਂ ਨਾਲੋਂ ਕਿਤੇ ਜ਼ਿਆਦਾ ਚੁਣੌਤੀਪੂਰਨ ਹੁੰਦੀਆਂ ਹਨ। ਉਨ੍ਹਾਂ ਕਿਹਾ "ਤੁਸੀਂ ਲੋਕਾਂ ਵਿੱਚ ਕੰਮ ਕਰਕੇ ਜੇਤੂ ਹੋ ਕੇ ਉੱਭਰੇ ਹੋ। ਇਸ ਜਿੱਤ ਦੀ ਵਰਤੋਂ ਰਾਜਨੀਤੀ ਵਿੱਚ ਨਵੀਆਂ ਉਚਾਈਆਂ ਨੂੰ ਛੂਹਣ ਲਈ ਕੀਤੀ ਜਾਣੀ ਚਾਹੀਦੀ ਹੈ। ਮੈਨੂੰ ਵਿਸ਼ਵਾਸ ਹੈ ਕਿ ਤੁਹਾਡੇ ਵਿੱਚੋਂ ਬਹੁਤ ਸਾਰੇ ਭਵਿੱਖ ਵਿੱਚ ਵਿਧਾਨ ਸਭਾ ਚੋਣਾਂ ਲੜਨਗੇ।" ਉਨ੍ਹਾਂ ਕਿਹਾ "ਇਹ ਦੂਜੀਆਂ ਪਾਰਟੀਆਂ ਦੇ ਬਿਲਕੁਲ ਉਲਟ ਹੈ, ਜਿੱਥੇ ਪਰਿਵਾਰਵਾਦ ਦੀ ਰਾਜਨੀਤੀ ਭਾਰੂ ਹੁੰਦੀ ਹੈ ਅਤੇ ਟਿਕਟਾਂ ਪਰਿਵਾਰਾਂ ਵਿੱਚ ਹੀ ਵੰਡੀਆਂ ਜਾਂਦੀਆਂ ਹਨ।"

ਅਕਾਲੀ ਦਲ ਉੱਤੇ ਨਿਸ਼ਾਨਾ ਸਾਧਦੇ ਹੋਏ ਭਗਵੰਤ ਸਿੰਘ ਮਾਨ ਨੇ ਟਿੱਪਣੀ ਕੀਤੀ ਕਿ ਪਾਰਟੀ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਣ ਵਾਲੀ ਮਾਘੀ ਕਾਨਫਰੰਸ ਲਈ ਬੁਲਾਰੇ ਲੱਭਣ ਲਈ ਸੰਘਰਸ਼ ਕਰ ਰਹੀ ਹੈ। ਉਨ੍ਹਾਂ ਕਿਹਾ "ਉਨ੍ਹਾਂ ਕੋਲ ਲੋਕਾਂ ਨੂੰ ਸੰਬੋਧਨ ਕਰਨ ਲਈ ਕੋਈ ਆਗੂ ਨਹੀਂ ਬਚਿਆ।" ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਹੋਈਆਂ ਚੋਣਾਂ ਸੁਤੰਤਰ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕਰਵਾਈਆਂ ਗਈਆਂ। "ਇਹੀ ਕਾਰਨ ਹੈ ਕਿ ਕਈ ਸੀਟਾਂ ਉੱਤੇ ਜਿੱਤ ਦਾ ਫਰਕ ਬਹੁਤ ਘੱਟ ਸੀ। ਲੋਕ 'ਆਪ' ਦੀਆਂ ਲੋਕ-ਪੱਖੀ ਨੀਤੀਆਂ ਕਾਰਨ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਰਹੇ ਹਨ, ਜਦੋਂ ਕਿ ਕਈ ਪਾਰਟੀਆਂ ਨੂੰ ਉਮੀਦਵਾਰ ਵੀ ਨਹੀਂ ਮਿਲ ਰਹੇ ਕਿਉਂਕਿ ਜਨਤਾ ਉਨ੍ਹਾਂ ਦੀ ਵੰਡ ਪਾਊ ਰਾਜਨੀਤੀ ਤੋਂ ਤੰਗ ਆ ਚੁੱਕੀ ਹੈ।"

ਉਨ੍ਹਾਂ ਕਿਹਾ ਕਿ ਤਿੱਖੇ ਮੁਕਾਬਲੇ ਦੌਰਾਨ ਲੋਕਾਂ ਲਈ ਆਵਾਜ਼ ਬੁਲੰਦ ਕਰਨਾ ਅਤੇ ਜਿੱਤਣਾ ਸੱਚਮੁੱਚ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ "ਕਾਂਗਰਸ ਅਤੇ ਅਕਾਲੀਆਂ ਦਾ ਕੋਈ ਏਜੰਡਾ ਨਹੀਂ ਹੈ। ਉਹ ਸਿਰਫ਼ ਸੱਤਾ ਵਿੱਚ ਵਾਪਸ ਆਉਣ ਦੀ ਆਪਣੀ ਵਾਰੀ ਦੀ ਉਡੀਕ ਕਰ ਰਹੇ ਹਨ ਪਰ ਉਨ੍ਹਾਂ ਦੇ ਸੁਪਨੇ ਕਦੇ ਵੀ ਪੂਰੇ ਨਹੀਂ ਹੋਣਗੇ ਕਿਉਂਕਿ ਲੋਕ ਪੰਜਾਬ ਅਤੇ ਲੋਕਾਈ ਵਿੱਧ ਉਨ੍ਹਾਂ ਦੀ ਸ਼ੱਕੀ ਭੂਮਿਕਾ ਤੋਂ ਪੂਰੀ ਤਰ੍ਹਾਂ ਜਾਣੂ ਹਨ।"

ਇਕੱਠ ਨੂੰ ਸੰਬੋਧਨ ਕਰਦਿਆਂ ਸੀਨੀਅਰ 'ਆਪ' ਆਗੂ ਅਤੇ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਨਵੇਂ ਚੁਣੇ ਗਏ ਮੈਂਬਰਾਂ ਨੂੰ ਲੋਕਾਂ ਨੇ ਵੱਡੀ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਕਿਹਾ "ਇਹ ਫਤਵਾ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਅਤੇ ਵਿਕਾਸ ਮੁਖੀ ਨੀਤੀਆਂ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ।"ਮਨੀਸ਼ ਸਿਸੋਦੀਆ ਨੇ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸਮਿਤੀ ਮੈਂਬਰਾਂ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਦੂਜੇ ਪੜਾਅ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਸੀ, ਜਿਸ ਨਾਲ ਇਸ ਨੇ ਵੱਡੀ ਸਫ਼ਲਤਾ ਹਾਸਲ ਕੀਤੀ। ਉਨ੍ਹਾਂ ਕਿਹਾ "ਪੰਜਾਬ ਦੀ ਆਤਮਾ ਇਸ ਦੇ ਪਿੰਡਾਂ ਵਿੱਚ ਵਸਦੀ ਹੈ ਅਤੇ ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਪਿੰਡਾਂ ਦੇ ਵਿਕਾਸ ਅਤੇ ਖ਼ੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰੋਗੇ।"ਪੂਰੀ ਸਰਕਾਰੀ ਸਹਾਇਤਾ ਦਾ ਭਰੋਸਾ ਦਿੰਦੇ ਹੋਏ ਮਨੀਸ਼ ਸਿਸੋਦੀਆ ਨੇ ਕਿਹਾ ਕਿ ਪੇਂਡੂ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ "ਪੰਜਾਬ ਸਰਕਾਰ ਤੁਹਾਡੇ ਨਾਲ ਮਜ਼ਬੂਤੀ ਨਾਲ ਖੜ੍ਹੀ ਰਹੇਗੀ। ਮੈਂ ਤੁਹਾਨੂੰ ਪੰਚਾਇਤਾਂ ਨਾਲ ਤਾਲਮੇਲ ਕਰ ਕੇ ਕੰਮ ਕਰਨ ਦੀ ਤਾਕੀਦ ਕਰਦਾ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਪਰਿਵਾਰਾਂ ਦੇ ਸਿਹਤ ਕਾਰਡ ਬਿਨਾਂ ਕਿਸੇ ਦੇਰੀ ਦੇ ਤਿਆਰ ਕੀਤੇ ਜਾਣ।





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

Where Hope Meets

IMMIGRATION OPPORTUNITIES

USA SERVICES :

CITIZENSHIP
GREEN CARD & PETITION
AFFIDAVIT OF SUPPORT
WORK PERMIT RENEW
STUDENT VISA & TRANSFER
TOURIST VISAS

INDIAN SERVICES :

Passport
VISA
OCI CARD
RENUNCIATION
POWER OF ATTORNEY
LEGAL DOCUMENTS ATTESTATIONS
NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


Arrested ?
DUI ?
Drug Charges ?
Gun Violation ?
Ghuman Law Group
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
DUI / DWI Defense
Drug Charges
Domestic Violence Defense
Assault & Battery Defense
Theft / Fraud / Financial Crimes
Probation Violations
Contact Us
info@ghumanlawgroup.com
ghumanlawgroup.org
+1 228-200-0001

# ਚਾਇਨਾ ਡੋਰ ਇੱਕ ਜਾਨਲੇਵਾ ਖ਼ਤਰਾ

ਗੁੱਡੀਆਂ ਉਡਾਉਣਾ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਪੁਰਾਤਨ ਸਮਿਆਂ ਤੋਂ ਇੱਕ ਪ੍ਰਸਿੱਧ ਸੱਭਿਆਚਾਰਕ ਰਿਵਾਇਤ ਰਹੀ ਹੈ। ਮਾਘੀ, ਬਸੰਤ ਪੰਚਮੀ ਅਤੇ ਆਜ਼ਾਦੀ ਦਿਵਸ ਵਰਗੇ ਤਿਉਹਾਰਾਂ ਦੌਰਾਨ ਅਸਮਾਨ ਗੁੱਡੀਆਂ ਅਤੇ ਪਤੰਗਾਂ ਨਾਲ ਭਰਿਆ ਦਿੱਸਦਾ ਹੈ। ਪਰ ਇਹ ਖ਼ੁਸ਼ੀ ਦਾ ਤਿਉਹਾਰ ਉਸ ਵੇਲੇ ਖ਼ਤਰਨਾਕ ਬਣ ਜਾਂਦਾ ਹੈ ਜਦੋਂ ਪਤੰਗ ਉਡਾਉਣ ਲਈ ਚਾਇਨਾ ਡੋਰ ਵਰਤੀ ਜਾਂਦੀ ਹੈ। ਇਹ ਡੋਰ ਅੱਜ ਇੱਕ ਗੰਭੀਰ ਜਨ-ਸਿਹਤ, ਵਾਤਾਵਰਣ ਅਤੇ ਜੰਗਲੀ ਜੀਵਾਂ ਲਈ ਖ਼ਤਰੇ ਦਾ ਕਾਰਨ ਬਣ ਚੁੱਕੀ ਹੈ।

ਚਾਇਨੀ ਡੋਰ ਕੀ ਹੈ ਅਤੇ ਇਹ ਕਿਵੇਂ ਤਿਆਰ ਕੀਤੀ ਜਾਂਦੀ ਹੈ?

ਚਾਇਨੀ ਡੋਰ ਇੱਕ ਆਧੁਨਿਕ ਤਕਨੀਕ ਨਾਲ ਬਣੀ ਹੋਈ ਡੋਰ ਹੈ ਜੋ ਸਿਰਫ਼ ਪਤੰਗ ਨੂੰ ਉਡਾਉਣ ਜਾਂ ਸੰਭਾਲਣ ਲਈ ਨਹੀ ਬਲਕਿ ਪਤੰਗਬਾਜ਼ੀ ਦੇ ਮੁਕਾਬਲਿਆਂ ਵਿੱਚ ਦੂਜੀਆਂ ਡੋਰਾਂ ਨੂੰ ਕੱਟਣ ਲਈ ਵਰਤੀ ਜਾਂਦੀ ਹੈ। ਰਵਾਇਤੀ ਸੂਤੀ ਡੋਰ ਦੇ ਉਲਟ ਇਹ ਨਾਈਲੋਨ, ਪਲਾਸਟਿਕ ਫਾਇਬਰ ਜਾਂ ਮੋਨੋਫਿਲਾਮੈਂਟ ਫਿਸ਼ਿੰਗ ਲਾਈਨ ਤੋਂ ਬਣਾਈ ਜਾਂਦੀ ਹੈ।

ਇਸ ਡੋਰ ਉੱਪਰ ਬਰੀਕ ਪੀਸਿਆ ਹੋਇਆ ਕੱਚ, ਧਾਤੂ ਕਣ ਜਾਂ ਹੋਰ ਤਿੱਖੇ ਘਰੜ ਪਦਾਰਥ ਲਗਾਏ ਜਾਂਦੇ ਹਨ, ਜੋ ਇਸਨੂੰ ਬਹੁਤ ਹੀ ਤਿੱਖਾ ਅਤੇ ਖ਼ਤਰਨਾਕ ਬਣਾਉਂਦੇ ਹਨ। ਰਵਾਇਤੀ ਡੋਰ ਕਦੇ ਚੌਲਾਂ ਦੀ ਲੇਵੀ ਅਤੇ ਕੁਦਰਤੀ ਗੂੰਦ ਨਾਲ ਬਣਾਈ ਜਾਂਦੀ ਸੀ ਜੋ ਵਿਘਟਨਸ਼ੀਲ ਹੁੰਦੀ ਸੀ। ਪਰ ਚਾਇਨੀ ਡੋਰ ਗੈਰ ਵਿਘਟਨਸ਼ੀਲ ਹੈ ਅਤੇ ਲੰਮੇ ਸਮੇਂ ਤੱਕ ਵਾਤਾਵਰਣ ਵਿੱਚ ਮੌਜੂਦ ਰਹਿੰਦੀ ਹੈ।

ਬੱਚਿਆਂ ਅਤੇ ਨੌਜਵਾਨਾਂ ਵਿੱਚ ਚਾਇਨੀ ਡੋਰ ਇੰਨੀ ਪ੍ਰਸਿੱਧ ਕਿਉਂ ਹੈ?

ਚਾਇਨਾ ਡੋਰ ਦੀ ਪ੍ਰਸਿੱਧੀ ਪਿੱਛੇ ਕਈ ਕਾਰਨ ਹਨ:

ਮੁਕਾਬਲੇਬਾਜ਼ੀ ਵਿੱਚ ਫ਼ਾਇਦਾ:

ਪਤੰਗਾਂ ਦੀ ਲੜਾਈ ਵਿੱਚ ਦੂਜੀ ਪਤੰਗ ਦੀ ਡੋਰ ਕੱਟਣ ਨੂੰ ਜਿੱਤ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਚਾਇਨੀ ਡੋਰ ਇਸ ਕੰਮ ਵਿੱਚ ਬਹੁਤ ਪ੍ਰਭਾਵਸ਼ਾਲੀ ਹੈ।

ਸਸਤੀ ਅਤੇ ਆਸਾਨ ਉਪਲੱਬਧਤਾ:

ਇਹ ਰਵਾਇਤੀ ਸੂਤੀ ਡੋਰ ਨਾਲੋਂ ਸਸਤੀ ਮਿਲ ਜਾਂਦੀ ਹੈ ਜਿਸ ਕਰਕੇ ਬੱਚੇ ਅਤੇ ਨੌਜਵਾਨ ਆਸਾਨੀ ਨਾਲ ਖਰੀਦ ਲੈਂਦੇ ਹਨ।

ਰੋਮਾਂਚ ਅਤੇ ਹੰਕਾਰ:

ਪਤੰਗਬਾਜ਼ੀ ਵਿੱਚ ਜਿੱਤ ਨੂੰ ਸਮਾਜਿਕ ਮਾਣ ਅਤੇ ਹੁਨਰ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ।

ਇਹ ਸਾਰੇ ਕਾਰਨ ਮਿਲ ਕੇ ਬੱਚਿਆਂ ਨੂੰ ਇਸ ਖ਼ਤਰਨਾਕ ਡੋਰ ਵੱਲ ਖਿੱਚਦੇ ਹਨ ਭਾਵੇਂ ਉਹ ਇਸ ਦੇ ਨਤੀਜ਼ਿਆਂ ਤੋਂ ਅਣਜਾਣ ਹੀ ਕਿਉਂ ਨਾ ਹੋਣ।

ਚਾਇਨੀ ਡੋਰ ਦੇ ਖ਼ਤਰੇ

ਮਨੁੱਖੀ ਸਿਹਤ ਲਈ ਖ਼ਤਰੇ

ਚਾਇਨਾ ਡੋਰ ਮਨੁੱਖੀ ਜੀਵਨ ਲਈ ਬਹੁਤ ਹੀ ਘਾਤਕ ਸਾਬਤ ਹੋ ਰਹੀ ਹੈ:

ਗੰਭੀਰ ਜ਼ਖ਼ਮ: ਮੋਟਰਸਾਈਕਲ, ਸਾਈਕਲ ਜਾਂ ਪੈਦਲ ਚਲਦੇ ਸਮੇਂ ਗਰਦਨ, ਚਿਹਰੇ ਜਾਂ ਹੱਥਾਂ 'ਤੇ ਪੈਣ ਨਾਲ ਡੂੰਘੇ ਕੱਟ ਲੱਗ ਸਕਦੇ ਹਨ। ਕਈ ਮਾਮਲਿਆਂ ਵਿੱਚ ਮੌਤ ਵੀ ਹੋ ਚੁੱਕੀ ਹੈ।

ਬਿਜਲੀ ਦਾ ਖ਼ਤਰਾ:

ਧਾਤੂ ਕਣਾਂ ਕਾਰਨ ਇਹ ਡੋਰ ਬਿਜਲੀ ਦੀ ਤਾਰਾਂ ਨਾਲ ਛੂਹ ਕੇ ਕਰੰਟ ਫੈਲਾਉਣ ਦਾ ਕਾਰਨ ਬਣ ਸਕਦੀ ਹੈ।

ਅਦਿੱਖ ਖ਼ਤਰਾ: ਇਹ ਡੋਰ ਬਹੁਤ ਬਰੀਕ ਹੁੰਦੀ ਹੈ, ਜਿਸ ਕਾਰਨ ਅਕਸਰ ਦਿਸਦੀ ਨਹੀਂ ਅਤੇ ਅਚਾਨਕ ਹਾਦਸਿਆਂ ਦਾ ਕਾਰਨ ਬਣਦੀ ਹੈ।

ਪੰਛੀਆਂ ਅਤੇ ਪਸ਼ੂਆਂ 'ਤੇ ਪ੍ਰਭਾਵ

ਪੰਛੀਆਂ ਦੀ ਫਸਣ ਨਾਲ ਮੌਤ:

ਉੱਡਦੇ ਹੋਏ ਪੰਛੀ ਇਸ ਅਦਿੱਖ ਡੋਰ ਵਿੱਚ ਫਸ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੇ ਪਰ ਕੱਟ ਜਾਂਦੇ ਹਨ ਜਿਸ ਕਾਰਨ ਉਹ ਭੁੱਖ ਤੇ ਇਨਫੈਕਸ਼ਨ ਨਾਲ ਮਰ ਜਾਂਦੇ ਹਨ।

ਆਵਾਰਾ ਪਸ਼ੂਆਂ ਲਈ ਖ਼ਤਰਾ:

ਗਾਂ, ਕੁੱਤੇ ਅਤੇ ਹੋਰ ਜਾਨਵਰ ਇਸ ਡੋਰ ਵਿੱਚ ਫਸ ਕੇ ਗੰਭੀਰ ਜ਼ਖ਼ਮੀ ਹੋ ਜਾਂਦੇ ਹਨ।

ਵਾਤਾਵਰਣ 'ਤੇ ਪ੍ਰਭਾਵ

ਚਾਇਨਾ ਡੋਰ ਗੈਰ-ਵਿਖਟਨਸ਼ੀਲ ਪਲਾਸਟਿਕ ਤੋਂ ਬਣੀ ਹੁੰਦੀ ਹੈ। ਇਹ ਸਾਲਾਂ ਤੱਕ ਮਿੱਟੀ, ਪਾਣੀ ਅਤੇ ਦਰੱਖ਼ਤਾਂ ਵਿੱਚ ਫਸੀ ਰਹਿੰਦੀ ਹੈ, ਜਿਸ ਨਾਲ:

ਮਾਈਕ੍ਰੋਪਲਾਸਟਿਕ ਪ੍ਰਦੂਸ਼ਣ ਵਧਦਾ ਹੈ।

ਦਰੱਖ਼ਤਾਂ ਅਤੇ ਫ਼ਸਲਾਂ ਨੂੰ ਨੁਕਸਾਨ ਪਹੁੰਚਦਾ ਹੈ।

ਸ਼ਹਿਰੀ ਅਤੇ ਪੇਂਡੂ ਵਾਤਾਵਰਣ ਪਲੀਤ ਹੁੰਦਾ ਹੈ।

ਕਾਨੂੰਨੀ ਸਥਿਤੀ ਅਤੇ ਸਮਾਜਕ ਜ਼ਿੰਮੇਵਾਰੀ।

ਭਾਰਤ ਦੇ ਕਈ ਰਾਜਾਂ ਵਿੱਚ ਚਾਇਨਾ ਡੋਰ ਦੇ ਉਤਪਾਦਨ, ਵਿਕਰੀ ਅਤੇ ਵਰਤੋਂ 'ਤੇ ਪਾਬੰਦੀ ਲੱਗੀ ਹੋਈ ਹੈ। ਕਾਨੂੰਨ ਤੋੜਨ 'ਤੇ ਜੁਰਮਾਨਾ ਅਤੇ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਫਿਰ ਵੀ ਗੁਪਤ ਤੌਰ 'ਤੇ ਇਸ ਦੀ ਵਿਕਰੀ ਜਾਰੀ ਹੈ।

ਇਸ ਖ਼ੂਨੀ ਸਮੱਸਿਆ ਨਾਲ ਨਜਿੱਠਣ ਦੇ ਉਪਾਅ

ਸਿੱਖਿਆ ਅਤੇ ਜਾਗਰੂਕਤਾ:

ਸਕੂਲਾਂ ਅਤੇ ਸਮਾਜ ਵਿੱਚ ਬੱਚਿਆਂ ਨੂੰ ਇਸ ਦੇ ਨੁਕਸਾਨਾਂ ਬਾਰੇ ਜਾਣੂ ਕਰਵਾਇਆ ਜਾਵੇ।

ਸੁਰੱਖਿਅਤ ਵਿਕਲਪ:

ਸੂਤੀ ਅਤੇ ਵਿਘਟਨਸ਼ੀਲ ਡੋਰ ਦੀ ਵਰਤੋਂ ਨੂੰ ਪ੍ਰੋਤਸਾਹਿਤ ਕੀਤਾ ਜਾਵੇ।

ਨਿਰਧਾਰਤ ਪਤੰਗ ਉਡਾਉਣ ਖੇਤਰ:

ਸੜਕਾਂ ਅਤੇ ਬਿਜਲੀ ਦੀਆਂ ਤਾਰਾਂ ਤੋਂ ਦੂਰ ਖੇਤਰ ਨਿਰਧਾਰਤ ਕੀਤੇ ਜਾਣ।

ਸਫ਼ਾਈ ਮੁਹਿੰਮਾਂ:

ਤਿਉਹਾਰਾਂ ਤੋਂ ਬਾਅਦ ਡੋਰ ਇਕੱਠੀ ਕਰਨ ਲਈ ਸਮੂਹਿਕ ਸਫ਼ਾਈ ਅਭਿਆਨ।

ਸਖ਼ਤ ਕਾਨੂੰਨੀ ਕਾਰਵਾਈ:

ਪਾਬੰਦੀ ਦੀ ਸਖ਼ਤੀ ਨਾਲ ਪਾਲਣਾ।

ਚਾਇਨਾ ਡੋਰ ਇੱਕ ਸੱਭਿਆਚਾਰਕ ਖੇਡ ਨੂੰ ਜਾਨਲੇਵਾ ਬਣਾ ਚੁੱਕੀ ਹੈ। ਇਸ ਦੇ ਕਾਰਨ ਮਨੁੱਖੀ ਜਾਨਾਂ, ਪੰਛੀਆਂ ਅਤੇ ਵਾਤਾਵਰਣ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਸਹੀ ਸਿੱਖਿਆ, ਕਾਨੂੰਨੀ ਸਖ਼ਤੀ ਅਤੇ ਸੁਰੱਖਿਅਤ ਵਿਕਲਪਾਂ ਰਾਹੀਂ ਅਸੀਂ ਪਤੰਗਬਾਜ਼ੀ ਦਾ ਆਨੰਦ ਲੈਂਦੇ ਹੋਏ ਇਸ ਖ਼ਾਮੋਸ਼ ਕਾਤਲ ਤੋਂ ਸਮਾਜ ਨੂੰ ਬਚਾ ਸਕਦੇ ਹਾਂ।


ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ






# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਮਹਾਨ ਫ਼ਿਲਮ ਨਿਰਦੇਸ਼ਕ: ਬਾਸੂ ਚੈਟਰਜੀ

ਬਾਸੂ ਚੈਟਰਜੀ, ਜੋ ਫਿਲਮੀ ਦੁਨੀਆਂ ਵਿੱਚ 'ਬਾਸੂ ਦਾ' ਵਜੋਂ ਜਾਣਿਆ ਜਾਂਦਾ ਹੈ, ਹਿੰਦੀ ਅਤੇ ਬੰਗਾਲੀ ਫ਼ਿਲਮ-ਨਿਰਦੇਸ਼ਕ ਅਤੇ ਮਹਾਨ ਪਟਕਥਾ-ਲੇਖਕ ਹੋ ਗੁਜ਼ਰਿਆ ਹੈ। ਭਾਰਤੀ ਸਿਨੇਮਾ ਕਥਾ- ਲੇਖਕਾਂ ਅਤੇ ਨਿਰਦੇਸ਼ਕਾਂ ਵਿੱਚੋਂ ਇੱਕ, ਬਾਸੂ ਚੈਟਰਜੀ ਨੇ ਹਿੰਦੀ ਫ਼ਿਲਮ-ਉਦਯੋਗ ਨੂੰ ਲਗਾਤਾਰ ਕੁਝ ਸੱਚੀਆਂ ਕਹਾਣੀਆਂ ਦਾ ਤੋਹਫ਼ਾ ਦਿੱਤਾ। ਹਾਲਾਂਕਿ ਉਹਦੀ ਅਸਲੀ ਪ੍ਰਤਿਭਾ ਸ਼ਾਇਦ ਇਸ ਗੱਲ ਵਿੱਚ ਮੌਜੂਦ ਸੀ ਕਿ ਉਹ ਮੱਧ ਵਰਗ ਅਤੇ ਸ਼ਹਿਰੀ ਭਾਰਤ ਨੂੰ ਹਲਕੇ- ਫੁਲਕੇ ਅਤੇ ਯਥਾਰਥਵਾਦੀ ਅੰਦਾਜ਼ ਵਿੱਚ ਪੇਸ਼ ਕਰਨ ਵਿੱਚ ਹਮੇਸ਼ਾ ਕਾਮਯਾਬ ਰਹਿੰਦਾ ਸੀ।

ਬਾਸੂ ਚੈਟਰਜੀ ਦਾ ਜਨਮ 10 ਜਨਵਰੀ 1930 ਨੂੰ ਅਜਮੇਰ (ਰਾਜਸਥਾਨ) ਵਿਖੇ ਹੋਇਆ। ਉਸਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਮੈਗਜ਼ੀਨ 'ਬਲਿਟਜ਼' ਵਿੱਚ ਬਤੌਰ ਇਲੱਸਟ੍ਰੇਟਰ ਅਤੇ ਕਾਰਟੂਨਿਸਟ ਕੀਤੀ, ਜਿਥੇ ਉਹਨੇ ਕਰੀਬ 18 ਸਾਲ ਕੰਮ ਕੀਤਾ; ਜਦਕਿ ਬਾਲੀਵੁੱਡ ਕੈਰੀਅਰ ਦੀ ਸ਼ੁਰੂਆਤ 1966 ਵਿੱਚ 'ਤੀਸਰੀ ਕਸਮ' (ਜਿਸ ਵਿੱਚ ਰਾਜ ਕਪੂਰ ਅਤੇ ਵਹੀਦਾ ਰਹਿਮਾਨ ਦੀਆਂ ਪ੍ਰਮੁੱਖ ਭੂਮਿਕਾਵਾਂ ਸਨ) ਤੋਂ ਕੀਤੀ ਸੀ। ਇਸ ਵਿੱਚ ਉਸ ਨੇ ਬਾਸੂ ਭੱਟਾਚਾਰੀਆ ਦੇ ਸਹਾਇਕ ਵਜੋਂ ਕੰਮ ਕੀਤਾ ਸੀ। ਇਸ ਫ਼ਿਲਮ ਨੂੰ ਪਿੱਛੋਂ ਸਰਵਸ੍ਰੇਸ਼ਟ ਫੀਚਰ ਫਿਲਮ ਦਾ ਰਾਸ਼ਟਰੀ ਫਿਲਮ ਪੁਰਸਕਾਰ ਜਿੱਤਿਆ। ਉਦੋਂ ਹੀ ਉਸ ਨੇ ਫਿਲਮ-ਨਿਰਦੇਸ਼ਕ ਬਣਨ ਦਾ ਫ਼ੈਸਲਾ ਕੀਤਾ ਅਤੇ ਆਖ਼ਿਰਕਾਰ ਉਸ ਨੇ 1969 ਵਿਚ 'ਸਾਰਾ ਆਕਾਸ਼' ਫ਼ਿਲਮ ਨਾਲ ਆਪਣੇ ਨਿਰਦੇਸ਼ਨ ਦੀ ਸ਼ੁਰੂਆਤ ਕੀਤੀ।

ਉਸ ਦੀਆਂ ਫ਼ਿਲਮਾਂ ਸ਼ਹਿਰੀ ਖੇਤਰ ਦੇ ਅਕਸਰ ਮੱਧ ਵਰਗੀ ਪਰਿਵਾਰਾਂ ਦੀਆਂ ਹਲਕੀਆਂ ਫੁਲਕੀਆਂ ਕਹਾਣੀਆਂ ਨਾਲ ਜੁੜੀਆਂ ਹੁੰਦੀਆਂ ਹਨ, ਜਿਸ ਵਿਚ ਵਿਆਹੁਤਾ ਅਤੇ ਪ੍ਰੇਮ ਸੰਬੰਧਾਂ ਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ। 1970 ਤੋਂ 1980 ਦੇ ਦਹਾਕੇ ਦੌਰਾਨ ਉਹ ਮੱਧਮ ਸਿਨੇਮਾ ਜਾਂ ਮੱਧ ਸਿਨੇਮਾ ਦੇ ਨਾਂ ਨਾਲ ਜਾਣੇ ਜਾਣ ਵਾਲੇ ਸਿਨੇਮਾ ਨਾਲ ਜੁੜਿਆ ਰਿਹਾ। ਉਸ ਨੇ ਆਪਣੀਆਂ ਕਈ ਸਧਾਰਨ ਫ਼ਿਲਮਾਂ ਵਿੱਚ ਵੱਡੇ ਸਿਤਾਰਿਆਂ ਨੂੰ ਪੇਸ਼ ਕੀਤਾ, ਜਿਨ੍ਹਾਂ ਨੂੰ ਇਸ ਤੋਂ ਪਹਿਲਾਂ ਅਜਿਹੀਆਂ ਭੂਮਿਕਾਵਾਂ ਵਿੱਚ ਕਦੇ ਨਹੀਂ ਸੀ ਵੇਖਿਆ ਗਿਆ। ਉਸ ਨੇ 'ਸ਼ੌਕੀਨ' ਵਿਚ ਮਿਥੁਨ ਚੱਕਰਵਰਤੀ ਨੂੰ ਰਤੀ ਅਗਨੀਹੋਤਰੀ ਨਾਲ, 'ਸ਼ੀਸ਼ਾ' ਵਿੱਚ ਮਿਥੁਨ ਚੱਕਰਵਰਤੀ ਨੂੰ ਮੁਨਮੁਨ ਸੇਨ ਨਾਲ, 'ਉਸ ਪਾਰ' ਵਿੱਚ ਵਿਨੋਦ ਮਹਿਰਾ ਨੂੰ ਮੌਸਮੀ ਚੈਟਰਜੀ ਨਾਲ, 'ਪ੍ਰਿਯਤਮਾ' ਵਿੱਚ ਜਤਿੰਦਰ ਨੂੰ ਨੀਤੂ ਸਿੰਘ ਨਾਲ, 'ਮਨਪਸੰਦ' ਵਿੱਚ ਦੇਵ ਆਨੰਦ ਨੂੰ ਟੀਨਾ ਮੁਨੀਮ ਨਾਲ, 'ਚੱਕਰਵਿਊ' ਵਿੱਚ ਰਾਜੇਸ਼ ਖੰਨਾ ਨੂੰ ਨੀਤੂ ਸਿੰਘ ਨਾਲ, 'ਦਿਲਲਗੀ' ਵਿੱਚ ਧਰਮਿੰਦਰ ਨੂੰ ਹੇਮਾ ਮਾਲਿਨੀ ਨਾਲ ਸਾਹਮਣੇ ਲਿਆਂਦਾ।

ਚੈਟਰਜੀ ਨੇ ਆਪਣੇ ਕੈਰੀਅਰ 'ਚ ਕਈ ਬੰਗਾਲੀ ਫ਼ਿਲਮਾਂ- ਹੋਥਾਤ ਬ੍ਰਿਸ਼ਟੀ, ਹੋਚੇਚਤਾ ਕੀ ਅਤੇ ਹੋਥਾਤ ਸ਼ੇਈ ਦਿਨ ਦੇ ਨਾਲ-ਨਾਲ ਦੂਰਦਰਸ਼ਨ ਲਈ ਟੀਵੀ ਸੀਰੀਅਲ 'ਬਿਓਮਕੇਸ਼ ਬਖਸ਼ੀ' ਅਤੇ 'ਰਜਨੀ' ਦਾ ਵੀ ਨਿਰਦੇਸ਼ਨ ਕੀਤਾ। ਰਜਿਤ ਕਪੂਰ ਨੇ ਬਿਓਮਕੇਸ਼ ਬਖਸ਼ੀ ਦਾ ਕਿਰਦਾਰ ਨਿਭਾਇਆ ਸੀ। ਉਹ 1977 ਵਿੱਚ 10ਵੇਂ ਮਾਸਕੋ ਅੰਤਰਰਾਸ਼ਟਰੀ ਫ਼ਿਲਮ ਮਹੋਤਸਵ ਵਿਚ ਜਿਊਰੀ ਦਾ ਮੈਂਬਰ ਅਤੇ 'ਏਸ਼ੀਅਨ ਅਕੈਡਮੀ ਆਫ ਫਿਲਮ ਐਂਡ ਟੈਲੀਵਿਜ਼ਨ' ਦੇ 'ਇੰਟਰਨੈਸ਼ਨਲ ਫਿਲਮ ਐਂਡ ਟੈਲੀਵਿਜ਼ਨ ਕਲੱਬ' ਦਾ ਮੈਂਬਰ ਵੀ ਰਿਹਾ।

ਉਸ ਦੀ ਫਿਲਮੋਗ੍ਰਾਫੀ ਵਿਚ ਸਮਾਜ ਦੀ ਨੈਤਿਕਤਾ ਅਤੇ ਰੀਤੀ-ਰਿਵਾਜਾਂ ਦੀ ਝਲਕ ਸਾਫ਼ ਵਿਖਾਈ ਦਿੰਦੀ ਹੈ, ਹਾਲਾਂਕਿ ਜਿਨ੍ਹਾਂ ਫ਼ਿਲਮਾਂ ਲਈ ਚੈਟਰਜੀ ਨੂੰ ਸਭ ਤੋਂ ਵਧੇਰੇ ਯਾਦ ਕੀਤਾ ਜਾਂਦਾ ਹੈ, ਉਹ 'ਫੀਲਗੁੱਡ' ਕਲਾਸਿਕ ਫ਼ਿਲਮਾਂ ਹਨ, ਜਿਨ੍ਹਾਂ ਵਿੱਚ ਕਾਮੇਡੀ ਲਈ ਫ਼ਿਲਮੀ ਉਦਯੋਗ ਦੀ ਧਾਰਨਾ ਨੂੰ ਬਦਲ ਕੇ ਪੇਸ਼ ਕੀਤਾ ਗਿਆ ਹੈ ਅਤੇ ਇਹ ਆਪਣੇ ਆਪ ਵਿੱਚ ਪੂਰਨ ਮਨੋਰੰਜਨ ਵੀ ਬਣ ਗਿਆ। ਉਸਨੂੰ ਆਪਣੀਆਂ ਕਰੀਬ 32 ਫ਼ਿਲਮਾਂ, ਵਿਸ਼ੇਸ਼ ਕਰਕੇ ਉਸ ਪਾਰ, ਛੋਟੀ ਸੀ ਬਾਤ, ਚਿਤਚੋਰ, ਰਜਨੀਗੰਧਾ, ਪੀਆ ਕਾ ਘਰ, ਖੱਟਾਮੀਠਾ, ਚੱਕਰਵਿਊ, ਬਾਤੋਂ ਬਾਤੋਂ ਮੇਂ, ਪ੍ਰਿਯਤਮਾ, ਮਨਪਸੰਦ, ਹਮਾਰੀ ਬਹੂ ਅਲਕਾ, ਸ਼ੌਕੀਨ, ਅਤੇ ਚਮੇਲੀ ਕੀ ਸ਼ਾਦੀ ਲਈ ਹਮੇਸ਼ਾ ਯਾਦ ਰੱਖਿਆ ਜਾਵੇਗਾ। ਚਮੇਲੀ ਕੀ ਸ਼ਾਦੀ ਉਸ ਦੁਆਰਾ ਲਿਖੀ ਆਖ਼ਰੀ ਫ਼ਿਲਮ ਸੀ, ਜੋ ਵਿਵਸਾਇਕ ਤੌਰ ਤੇ ਬਹੁਤ ਸਫ਼ਲ ਹੋਈ ਸੀ। ਉਸ ਨੇ ਬੰਗਲਾਦੇਸ਼ੀ ਫ਼ਿਲਮ 'ਏਕ ਕੱਪ ਚਾਹ' ਦੀ ਪਟਕਥਾ ਵੀ ਲਿਖੀ ਸੀ, ਜਿਸ ਦਾ ਨਿਰਦੇਸ਼ਨ ਨਈ ਇਮਤਿਆਜ਼ ਨੇਮੁਲ ਨੇ ਕੀਤਾ ਸੀ।

ਬਾਸੂ ਨੇ 4 ਜੂਨ 2020 ਨੂੰ 90 ਸਾਲ ਦੀ ਉਮਰ ਵਿਚ ਮੁੰਬਈ ਵਿਖੇ, ਸਾਂਤਾਕਰੂਜ਼ ਸਥਿਤ ਆਪਣੇ ਘਰ ਵਿੱਚ ਨੀਂਦ ਵਿੱਚ ਹੀ ਆਖ਼ਰੀ ਸਾਹ ਲਿਆ। ਉਸ ਦੀ ਮੌਤ ਦੀ ਵਜ੍ਹਾ ਉਮਰ ਸਬੰਧੀ ਬੀਮਾਰੀਆਂ ਦੱਸਿਆ ਗਿਆ। ਉਸ ਨੇ ਹਿੰਦੀ ਫ਼ਿਲਮ ਉਦਯੋਗ ਨੂੰ ਕੁਝ ਖ਼ੂਬਸੂਰਤ ਕਹਾਣੀਆਂ ਦਾ ਤੋਹਫਾ ਦਿੱਤਾ ਹੈ, ਜੋ ਮੱਧ-ਵਰਗ ਅਤੇ ਸ਼ਹਿਰੀ ਭਾਰਤ ਦੇ ਬਾਰੇ ਸਾਨੂੰ ਰੂਬਰੂ ਕਰਵਾਉਂਦੀਆਂ ਹਨ, ਜਿਨ੍ਹਾਂ ਲਈ ਉਸ ਨੂੰ ਅੱਜ ਤਕ ਯਾਦ ਕੀਤਾ ਜਾਂਦਾ ਹੈ। ਬਾਸੂ ਚੈਟਰਜੀ ਨੂੰ ਕੁਝ ਮਹੱਤਵਪੂਰਨ ਸਨਮਾਨ ਵੀ ਮਿਲੇ, ਜਿਨ੍ਹਾਂ ਵਿੱਚ ਫਿਲਮ ਫੇਅਰ ਸਰਵ ਸ੍ਰੇਸ਼ਟ ਸਕਰੀਨਪਲੇਅ ਐਵਾਰਡ 'ਸਾਰਾ ਆਕਾਸ਼' ਲਈ (1972), ਸਰਵਸ੍ਰੇਸ਼ਟ ਫ਼ਿਲਮ ਲਈ ਫਿਲਮਫੇਅਰ ਕ੍ਰਿਟਿਕਸ ਐਵਾਰਡ 'ਰਜਨੀਗੰਧਾ' ਲਈ (1975), ਫਿਲਮ ਫੇਅਰ ਸਰਵਸ਼੍ਰੇਸਟ ਸਕਰੀਨ ਪਲੇਅ ਐਵਾਰਡ 'ਛੋਟੀ ਸੀ ਬਾਤ' ਲਈ (1976), ਫਿਲਮ ਫੇਅਰ ਸਰਵਸ਼੍ਰੇਸਟ ਨਿਰਦੇਸ਼ਕ ਐਵਾਰਡ 'ਸਵਾਮੀ' ਲਈ (1978), ਸਰਵਸ੍ਰੇਸ਼ਟ ਫਿਲਮ ਲਈ ਫਿਲਮਫੇਅਰ ਕ੍ਰਿਟਿਕਸ ਐਵਾਰਡ 'ਜੀਨਾ ਯਹਾਂ' ਲਈ (1980), ਫਿਲਮ ਫੇਅਰ ਸਰਵਸ਼੍ਰੇਸਟ ਸਕਰੀਨ ਪਲੇਅ ਐਵਾਰਡ 'ਕਮਲਾ ਕੀ ਮੌਤ' ਲਈ (1991), ਪਰਿਵਾਰ ਕਲਿਆਣ ਤੇ ਸਰਵਸ੍ਰੇਸ਼ਟ ਫ਼ਿਲਮ ਦਾ ਰਾਸ਼ਟਰੀ ਫ਼ਿਲਮ ਐਵਾਰਡ 'ਦੁਰਗਾ' ਲਈ (1992), ਆਈ ਆਈ ਐਫ ਏ ਲਾਈਫ ਟਾਈਮ ਅਚੀਵਮੈਂਟ ਐਵਾਰਡ (2007) ਆਦਿ ਸ਼ਾਮਲ ਹਨ।


ਉਸ ਦੀਆਂ ਫ਼ਿਲਮਾਂ ਸਮਾਜਿਕ ਅਤੇ ਨੈਤਿਕ ਮੁੱਦਿਆਂ ਬਾਰੇ ਵੀ ਗੱਲਬਾਤ ਕਰਦੀਆਂ ਹਨ। ਇਹ ਉਹ ਫ਼ਿਲਮਾਂ ਹਨ, ਜੋ ਲੋਕਾਂ ਦੇ ਦਿਲੋ-ਦਿਮਾਗ ਵਿੱਚ ਉਸ ਦੇ ਕੰਮ ਨੂੰ ਹਮੇਸ਼ਾ ਤਾਜ਼ਾ ਰੱਖਣਗੀਆਂ। ਬਾਸੂ ਦੀਆਂ ਦਸ ਫ਼ਿਲਮਾਂ ਜੀਵਨ ਦਾ ਸਾਰ ਮੰਨੀਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਸਾਰਾ ਆਕਾਸ਼ (1969), ਰਜਨੀਗੰਧਾ (1974), ਛੋਟੀ ਸੀ ਬਾਤ (1976), ਚਿੱਤ ਚੋਰ (1976), ਸਵਾਮੀ (1977), ਖੱਟਾ ਮੀਠਾ (1978), ਬਾਤੋਂ ਬਾਤੋਂ ਮੇਂ (1979), ਸ਼ੌਕੀਨ (1982), ਚਮੇਲੀ ਕੀ ਸ਼ਾਦੀ (1986) ਕਮਲਾ ਕੀ ਮੌਤ (1989) ਸ਼ਾਮਲ ਹਨ।



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.




ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


Imperial Spice
Resturant Bar & Banquet Hall
Vibrant flavors of
North and South Indian cuisine.
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN 7 DAYS A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# ਰੱਬ ਦੀ ਦਾਤ

ਲੋਹੜੀ ਪੁੱਤਾਂ ਦੀ ਪਾਓ ਤੁਸੀਂ ਜੀ ਸਦਕੇ,
ਐਪਰ ਲੋਹੜੀ ਧੀਆਂ ਦੀ ਵੀ ਪਾਓ ਮਿੱਤਰੋ।
ਧੀਆਂ ਬਿਨਾਂ ਵੰਸ਼ ਨਹੀਂ ਚਲ ਸਕਦਾ,
ਇਸ ਸੱਚਾਈ ਤੋਂ ਮੂੰਹ ਨਾ ਘੁੰਮਾਓ ਮਿੱਤਰੋ।
ਧੀਆਂ ਤੁਹਾਡੇ ਪਿਆਰ ਦੀਆਂ ਹੱਕਦਾਰ ਨੇ,
ਪੁੱਤਾਂ ਵਾਂਗ ਇਨ੍ਹਾਂ ਨੂੰ ਗਲ਼ ਲਾਓ ਮਿੱਤਰੋ।
ਪੁੱਤ ਹੁੰਦੇ ਸਹਾਰਾ ਬੁੱਢੇ ਮਾਪਿਆਂ ਦਾ,
ਇਕ ਵਾਰ ਧੀਆਂ ਨੂੰ ਵੀ ਅਜ਼ਮਾਓ ਮਿੱਤਰੋ।
ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ,
ਤੁਸੀਂ ਵੀ ਸਮੇਂ ਦੇ ਨਾਲ ਬਦਲ ਜਾਓ ਮਿੱਤਰੋ।
ਗੁਰੂ ਨਾਨਕ ਵੀ ਧੀਆਂ ਦੇ ਹੱਕ 'ਚ ਬੋਲੇ ਸਨ,
ਤੁਸੀਂ ਵੀ ਮਾੜੀ ਸੋਚ ਤੋਂ ਪਿੱਛਾ ਛਡਾਓ ਮਿੱਤਰੋ।
ਧੀਆਂ ਨੂੰ ਪੈਰਾਂ ਦੀ ਧੂੜ ਨਾ ਸਮਝੋ ਹੁਣ,
ਇਨ੍ਹਾਂ ਨੂੰ ਪੁੱਤਾਂ ਦੇ ਵਾਂਗ ਪੜ੍ਹਾਓ ਮਿੱਤਰੋ।
ਪੁੱਤਾਂ ਵਾਂਗ ਧੀਆਂ ਵੀ ਰੱਬ ਦੀ ਦਾਤ ਨੇ,
ਧੀਆਂ ਹੋਣ ਤੇ ਮੱਥੇ ਵੱਟ ਨਾ ਪਾਓ ਮਿੱਤਰੋ।



SANJHI SOCH
ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

# ਸਿਆਣੇ ਬੱਚੇ

ਬਸਤੇ ਦੇ ਵਿੱਚ ਪਾ ਕਿਤਾਬਾਂ,
ਜਦ ਸਕੂਲੇ ਜਾਵਾਂ।
ਆਓ ਚੱਲੀਏ ਪੜ੍ਹਨੇ ਆਪਾਂ
ਦੋਸਤਾਂ ਤਾਂਈ ਬੁਲਾਵਾਂ।
ਮਿੰਟੂ, ਸੋਭੀ, ਬਿੱਟੂ, ਕੁਦਰਤ
ਸਾਰੇ ਮੇਰੇ ਹਾਣੀ।
ਕੋਈ ਚੀਜੀ ਲ਼ੈ ਦੁਕਾਨੋ
ਸਾਂਝੀ ਅਸਾਂ ਨੇ ਖਾਣੀ।
ਕਦੇ ਨਾ ਲੜੀਏ ਆਪਸ ਦੇ ਵਿੱਚ,
ਰਲ ਅਸੀਂ ਹਾਂ ਰਹਿੰਦੇ।
ਕਲਾਸ ਦੇ ਵਿੱਚ ਸਭ ਤੋਂ ਮੂਹਰੇ
ਬੈਂਚਾ ਉੱਤੇ ਬਹਿੰਦੇ।
ਘਰੇ ਆ ਕੇ ਕੰਮ ਸਕੂਲ ਦਾ
ਕੱਠੇ ਹੋ ਕੇ ਕਰੀਏ।
ਖੇਡਣ ਵੇਲ਼ੇ ਖੇਡਣ ਜਾਈਏ ਤੇ
ਪੜ੍ਹਨ ਦੇ ਵੇਲੇ ਪੜ੍ਹੀਏ।
ਪੜ੍ਹਾਈ ਦੇ ਨਾਲ਼ ਖੇਡਾਂ ਜ਼ਰੂਰੀ
ਭੈਣ ਜੀ ਸਮਝਾਉਂਦੇ।
ਸਮੇਂ ਦੀ ਕਦਰ ਜੋ ਕਰਦੇ ਬੱਚੇ,
ਉਹ ਨਾ ਫੇਰ ਪਛਤਾਉਂਦੇ।
ਇਹ ਸੁਨਿਹਰੀ ਮੌਕਾ ਬੱਚਿਓ,
ਕਿਤੇ ਗਵਾਚ ਨਾ ਜਾਵੇ,
'ਪੱਤੋ' ਇੱਕ ਵਾਰੀ ਲੰਘਿਆ ਵੇਲਾ
ਮੁੜ ਹੱਥ ਨਾ ਆਵੇ।



SANJHI SOCH
ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417


LARRY T. NIERMEYER



Attorney at Law

OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447

1420 F STREET ST_ 2ND FLOOR MODESTO, CA 95354

Email : ltniermeyer@aol.com


SAMRA
REAL ESTATE GROUP
LET US GUIDE YOU HOME
ਘਰ ਖਰੀਦਣ ਜਾਂ ਵੇਚਣ ਦੇ ਚਾਹਵਾਨ ਇੱਕ ਵਾਰ ਸਾਨੂੰ ਜਰੂਰ ਮਿਲੋ
COMMERCIAL and RESIDENTIAL
industrial
Agriculture Land
Liquor Stores
Gas Stations
Apartments,
Commercial Buildings ਖਰੀਦਣ ਜਾਂ ਵੇਚਣ ਲਈ ਮਿਲੋ
Jass Samra
REALTOR BROKER
Residential & Commercial
(317) 513-9456
jsamra@jassamra.com
www.jassamra.com
8555 N. River Rd. Suite 200 Indianapolis, IN 46240
Real Estate Lic Number Each Office Independently Owned And Operated

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

## ਅੰਗ 107

ਮਾਝ ਮਹਲਾ ੫ ॥

ਕੀਨੀ ਦਇਆ ਗੋਪਾਲ ਗੁਸਾਈ ॥ ਗੁਰ ਕੇ ਚਰਣ ਵਸੇ ਮਨ ਮਾਹੀ ॥ ਅੰਗੀਕਾਰੁ ਕੀਆ ਤਿਨਿ ਕਰਤੈ ਦੁਖ ਕਾ ਡੇਰਾ ਢਾਹਿਆ ਜੀਉ ॥੧॥ ਮਨਿ ਤਨਿ ਵਸਿਆ ਸਚਾ ਸੋਈ ॥ ਬਿਖੜਾ ਥਾਨੁ ਨ ਦਿਸੈ ਕੋਈ ॥ ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ ॥੨॥ ਜੋ ਕਿਛੁ ਕਰੇ ਸੁ ਆਪੇ ਆਪੈ ॥ ਬੁਧਿ ਸਿਆਣਪ ਕਿਛੂ ਨ ਜਾਪੈ ॥ ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥੩॥ ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥ ਸਹਜ ਅਨੰਦ ਗਾਵਹਿ ਗੁਣ ਗੋਵਿੰਦ ਪ੍ਰਭ ਨਾਨਕ ਸਰਬ ਸਮਾਹਿਆ ਜੀਉ ॥੪॥੩੬॥੪੩॥ {ਪੰਨਾ 107}

ਭਾਵ ਅਰਥ:-

ਹੇ ਭਾਈ! ਗੁਰੂ ਦੇ ਚਰਨ ਕਮਲਾਂ ਵਿੱਚ ਆਪਣੇ ਮਨ ਨੂੰ ਵਿਛਾਅ ਦੇਣ ਤੇ ਪ੍ਰਭੂ ਪਰਮਾਤਮਾ ਮਾਲਕ ਗੋਸਾਈਂ ਨਿਰੰਕਾਰ ਆਪਣੇ ਆਪ ਦਇਆ ਕਰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਜਦੋਂ ਅਸੀਂ ਗੁਰੂ ਦੇ ਚਰਨੀਂ ਲੱਗ ਜਾਂਦੇ ਹਾਂ, ਗੁਰੂ ਦੇ ਮਾਰਗਦਰਸ਼ਨ ਨੂੰ ਫੜ ਲੈਂਦੇ ਹਾਂ, ਬਾਣੀ ਨਾਲ ਜੁੜ ਜਾਂਦੇ ਹਾਂ ਤਾਂ ਇਹ ਬਾਣੀ ਸਾਨੂੰ ਪ੍ਰਭੂ ਪਰਮਾਤਮਾ ਤੱਕ ਪਹੁੰਚਾਉਣ ਵਿੱਚ ਸਹਾਇਤਾ ਕਰਦੀ ਹੈ ਤੇ ਇਸ ਤਰ੍ਹਾਂ "ਉਹ" ਅਕਾਲ ਪੁਰਖ ਸਾਡੇ ਤੇ ਦਿਆਲੂ ਹੁੰਦਾ ਹੈ। ਇਸ ਦੇ ਨਾਲ ਹੀ ਉਸ ਦਿਆਲੂ ਪ੍ਰਭੂ ਨੇ ਸਾਨੂੰ ਆਪਣੇ ਸੀਨੇ ਨਾਲ ਲਾ ਲਿਆ ਏ ਤੇ ਹਰ ਤਰ੍ਹਾਂ ਦੇ ਦੁੱਖ ਕਸ਼ਟ ਸਾਡੇ ਤੋਂ ਨਿਵਾਰ ਦਿੱਤੇ ਹਨ ਜੀਓ॥੧॥

ਜਦੋਂ ਉਹ ਹਰੀ ਪ੍ਰਭੂ ਸਾਡੇ ਹਿਰਦੇ ਅੰਦਰ ਵਸ ਜਾਂਦਾ ਹੈ ਤਾਂ ਸਾਡੇ ਲਈ ਕੋਈ ਵੀ ਚੀਜ਼ ਬੁਰੀ ਨਹੀਂ ਰਹਿ ਜਾਂਦੀ। ਸਾਡਾ ਕੁਝ ਵੀ ਬੁਰਾ ਨਹੀਂ ਹੁੰਦਾ ਮਾੜਾ ਨਹੀਂ ਹੁੰਦਾ, ਨੁਕਸਾਨ ਨਹੀਂ ਹੁੰਦਾ । ਭਾਵ ਉਹ ਦਾਤਾ ਹਰ ਮਾੜੀ ਚੀਜ਼ ਤੋਂ ਹਰ ਨੁਕਸਾਨ ਤੋਂ ਸਾਨੂੰ ਆਪ ਹੱਥ ਦੇ ਕੇ ਰੱਖਦਾ ਹੈ। ਸਿਰਫ ਇੱਕ ਉਸ ਮਾਲਕ ਪ੍ਰਭੂ ਦੇ ਕਾਰਨ ਹਰ ਧਰਮ ਦੇ ਦੁਸ਼ਮਣ ਆਪਣੇ ਆਪ ਸੱਜਣ ਬਣ ਜਾਂਦੇ ਹਨ॥੨॥

ਇਸ ਥਾਂ ਇਹੋ ਹੀ ਕਿਹਾ ਜਾ ਸਕਦਾ ਹੈ ਕਿ ਆਪਣੇ ਭਲੇ ਵਾਸਤੇ ਆਪਣੇ ਸਾਡੀ ਬੁੱਧ ਵਿਵੇਕ, ਸਾਡੀਆਂ ਸਿਆਣਪਾਂ ਕੋਈ ਕੰਮ ਨਹੀਂ ਆਉਂਦੀਆਂ ਜਿੱਥੇ ਉਹ ਪ੍ਰਭੂ ਪਰਮਾਤਮਾ ਆਪ ਸਹਾਰਾ ਦਿੰਦਾ ਹੈ, ਇਸ ਦੇ ਨਾਲ ਹੀ ਮਨ ਵਿੱਚੋਂ ਹਰ ਤਰ੍ਹਾਂ ਦੇ ਭਰਮ ਭੁਲੇਖੇ ਨਿੱਕਲ ਜਾਂਦੇ ਹਨ ਜੀਉ॥੩॥

ਸੋ ਹੇ ਵੀਰੋ! 24 ਘੰਟੇ ਉਸ ਅਕਾਲ ਪੁਰਖ ਦਾ ਸਿਮਰਨ ਕਰੋ, ਉਸ ਦੇ ਨਾਮ ਦਾ ਹੀ ਵਪਾਰ ਕਰੋ। ਦਾਸ ਨਾਨਕ ਫਰਮਾਉਂਦੇ! ਹਨ ਉਸ ਦਾ ਭਾਵ ਉਸ ਉਪਰ ਵਾਲੇ ਗੋਬਿੰਦ ਪ੍ਰਭੂ ਦਾ ਨਾਮ ਜਪਣਾ ਕਰੋ ਜਿਹੜਾ ਕੁਦਰਤ ਦੇ ਹਰ ਜੀਵ ਦੇ ਅੰਦਰ ਵੱਸਦਾ ਹੈ॥੪॥

ਮਾਝ ਮਹਲਾ ੫ ॥

ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ॥ ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥ ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥੧॥ ਸਚੁ ਵਡਾਈ ਕੀਮ ਨ ਪਾਈ ॥ ਕੁਦਰਤਿ ਕਰਮੁ ਨ ਕਹਣਾ ਜਾਈ ॥ ਧਿਆਇ ਧਿਆਇ ਜੀਵਹਿ ਜਨ ਤੇਰੇ ਸਚੁ ਸਬਦੁ ਮਨਿ ਮਾਣੋ ਜੀਉ ॥੨॥ ਸਚੁ ਸਾਲਾਹਣੁ ਵਡਭਾਗੀ ਪਾਈਐ ॥ ਗੁਰ ਪਰਸਾਦੀ ਹਰਿ ਗੁਣ ਗਾਈਐ ॥ ਰੰਗਿ ਰਤੇ ਤੇਰੈ ਤੁਧੁ ਭਾਵਹਿ ਸਚੁ ਨਾਮੁ ਨੀਸਾਣੋ ਜੀਉ ॥੩॥ ਸਚੇ ਅੰਤੁ ਨ ਜਾਣੈ ਕੋਈ ॥ ਥਾਨਿ ਥਨੰਤਰਿ ਸਚਾ ਸੋਈ ॥ ਨਾਨਕ ਸਚੁ ਧਿਆਈਐ ਸਦ ਹੀ ਅੰਤਰਜਾਮੀ ਜਾਣੋ ਜੀਉ ॥੪॥੩੭॥੪੪॥ {ਪੰਨਾ 107}

ਭਾਵ ਅਰਥ:-

ਤੇ ਭਾਈ! ਉਸ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦੀ ਸਿਫਤ ਸਲਾਹ ਕਰਨਾ ਕਰੀਏ। ਉਹ ਆਪ ਹੀ ਹਰ ਤਰ੍ਹਾਂ ਦਾ ਮੰਦਰ, ਗੁਰੂ ਦੁਆਰਾ ਤੇ ਦੇਵਾਲਿਆ ਹੈ। ਨਾਲੇ ਉਸ ਦੇ ਗੁਣਾਂ ਦੀ ਚਰਚਾ ਕਰਨ ਨਾਲ ,ਬਾਣੀ ਦਾ ਜਾਪ ਕਰਨ ਨਾਲ ਹਿਰਦਾ ਸੁਖੀ ਰਹਿੰਦਾ ਹੈ।ਉਹ ਥਾਂ ਭਾਗਾਂ ਵਾਲੀ ਹੈ ਜਿੱਥੇ ਪਰਮਾਤਮਾ ਦਾ ਨਾਮ ਲੇਵਾ ਸੰਤ ਰਹਿੰਦੇ ਹਨ ਤੇ ਉਸ ਦੇ ਨਾਮ ਉਤੋਂ ਦੀ ਕੁਰਬਾਨ ਜਾਂਦੇ ਹਨ॥੧॥

ਹੇ ਵਾਹਿਗੁਰੂ ! ਤੇਰੀ ਕੀਮਤ ਅਸੀਂ ਜੀਵ ਨਹੀਂ ਸਮਝ ਸਕਦੇ ਤੂੰ ਸਦਾ ਥਿਰ ਰਹਿਣ ਵਾਲਾ ਸਰਬਉੱਤਮ ਤੇ ਸਰਬ ਸ਼ਕਤੀਮਾਨ ਹੈਂ, ਕਹਿਣ ਦਾ ਭਾਵ ਤੇਰੀ ਬਰਾਬਰੀ ਕੋਈ ਹੋਰ ਨਹੀਂ ਕਰ ਸਕਦਾ। ਹੇ ! ਦਾਤਾਰ ਸਿਰਫ ਇੱਕ ਤੇਰਾ ਨਾਮ ਜਾਂ ਉਸ ਦੀ ਸਿਫਤ ਸਲਾਹ ਕਰਕੇ ਹੀ ,ਭਾਵ ਬਾਣੀ ਸ਼ਬਦ ਦਾ ਜਾਪ ਕਰਕੇ ਹੀ ਅਸੀਂ ਮਾਣ ਪ੍ਰਾਪਤ ਕਰ ਸਕਦੇ ਹਾਂ ਜਾਂ ਕਹਿ ਲਓ ਕਿ ਯਸ ਪ੍ਰਾਪਤ ਕਰ ਸਕਦੇ ਹਾਂ॥੨॥

ਹੇ ਭਾਈ ! ਉਸ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਦੀ ਵਡਿਆਈ ਦੀ ਸਿਫਤ ਸਲਾਹ ਵੱਡੇ ਭਾਗਾਂ ਨਾਲ ਹੀ ਪਾ ਸਕਦੇ ਹਾਂ ਤੇ ਉਸ ਦੀ ਇਹ ਸਿਫਤ ਸਲਾਹ ਗੁਰੂ ਦੇ ਮਾਰਗਦਰਸ਼ਨ ਭਾਵ ਗੁਰੂ ਦੀ ਕਿਰਪਾ ਅਨੁਸਾਰ ਹੀ ਮਿਲ ਸਕਦੀ ਹੈ। ਹੇ ਨਿਰੰਕਾਰ ਪ੍ਰਭੂ! ਤੇਰਾ ਸਦਾ ਰਹਿਣ ਵਾਲਾ ਇਕ ਨਾਮ ਹੀ ਹੈ ਜੋ ਸੱਚ ਹੈ ਤੇ ਜਿਹੜੇ ਮਨੁੱਖ ਤੇਰੇ ਇਸ ਨਾਮ ਦੇ ਰੰਗ ਵਿੱਚ ਰੰਗੇ ਜਾਂਦੇ ਹਨ ਉਹੀ ਇੱਕ ਤਰਾਂ ਨਾਲ ਤੇਰੀ ਪਹਿਚਾਣ ਬਣ ਜਾਂਦੇ ਹਨ ਭਾਵ ਉਹ ਤੇਰੀ ਪਸੰਦ ਬਣ ਜਾਂਦੇ ਹਨ॥੩॥

ਹੇ ਸੱਜਣੋ ! ਉਹ ਸਦਾ ਥਿਰ ਰਹਿਣ ਵਾਲਾ ਪ੍ਰਭੂ ਪਰਮਾਤਮਾ ਦਾ ਅੰਤ ਇਹ ਮਨੁੱਖੀ ਜੀਵ ਨਹੀਂ ਪਾ ਸਕਦਾ ਭਾਵੇਂ ਉਹ ਹਰ ਥਾਂ ਤੇ ਵਿਆਪਤ ਹੈ। ਇਸ ਲਈ ਨਾਨਕ ਦਾਸ ਫਰਮਾਉਂਦੇ ਹਨ ਕਿ ਉਸ ਸਦਾ ਮਨਾਂ ਦੀਆਂ ਜਾਨਣ ਵਾਲੇ ਅੰਤਰਯਾਮੀ ਨੂੰ ਧਿਆਉਣਾ ਕਰੋ, ਬਸ ਉਸ ਦਾ ਅੰਤ ਲੱਭਣ ਦੀ ਕੋਸ਼ਿਸ਼ ਨਾ ਕਰੋ॥੪॥

ਮਾਝ ਮਹਲਾ ੫ ॥

ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥ ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥ ਘੜੀ ਮੂਰਤ ਸਿਮਰਤ ਪਲ ਵੰਞਹਿ ਜੀਵਣੁ ਸਫਲੁ ਤਿਥਾਈ ਜੀਉ ॥੧॥ ਸਿਮਰਤ ਨਾਮੁ ਦੋਖ ਸਭਿ ਲਾਥੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥ ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥੨॥ ਪ੍ਰਭੁ ਸਮਰਥੁ ਵਡ ਊਚ ਅਪਾਰਾ ॥ ਨਉ ਨਿਧਿ ਨਾਮੁ ਭਰੇ ਭੰਡਾਰਾ ॥ ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ ਲਵੈ ਨ ਲਾਈ ਜੀਉ ॥੩॥ ਕਰਿ ਕਿਰਪਾ ਮੇਰੇ ਦੀਨ ਦਇਆਲਾ ॥ ਜਾਚਿਕੁ ਜਾਚੈ ਸਾਧ ਰਵਾਲਾ ॥ ਦੇਹਿ ਦਾਨੁ ਨਾਨਕੁ ਜਨੁ ਮਾਗੈ ਸਦਾ ਸਦਾ ਹਰਿ ਧਿਆਈ ਜੀਉ ॥੪॥੩੮॥੪੫॥ {ਪੰਨਾ 107}

ਭਾਵ ਅਰਥ:-

ਹੇ! ਬੰਦਿਆ ਜੇ ਤੂੰ ਸਾਧ ਸੰਗਤ ਵਿੱਚ ਬੈਠ ਕੇ ਅੰਮ੍ਰਿਤਮਈ ਬਾਣੀ ਦਾ ਜਾਪ ਕਰੇਂ ਤਾਂ ਤੇਰੇ ਲਈ ਰਾਤ ਸੋਹਣੀ ਤੇ ਦਿਨ ਸੁੱਖਾਲਾ ਹੋ ਜਾਏਗਾ। ਬਾਕੀ ਜੇ ਜੀਵਨ ਵਿੱਚ ਘੜੀ ਪਲ ਵੀ ਉਸ ਪ੍ਰਭੂ ਦੇ ਨਾਮ ਲਈ ਗੁਜਰ ਜਾਵੇ ਤਾਂ ਉਹ ਵੀ ਘੱਟ ਨਹੀਂ ਹੈ॥੧॥

ਅਕਾਲ ਪੁਰਖ ਦੀ ਨਾਮ ਬਾਣੀ ਦਾ ਜਾਪ ਕਰਨ ਨਾਲ ਹਰ ਤਰਾਂ ਦੇ ਪਾਪ ਨਾਸ਼ ਹੋ ਜਾਂਦੇ ਹਨ, ਕਿਉਂਕਿ ਉਸ ਵੇਲੇ ਅਕਾਲ ਪੁਰਖ ਮਨੁੱਖ ਦੇ ਹਿਰਦੇ ਵਿੱਚ ਵੱਸ ਜਾਂਦਾ ਹੈ। ਗੁਰੂ ਦੇ ਮਾਰਗਦਰਸ਼ਨ ਕਾਰਨ, ਪ੍ਰਭੂ ਤੱਕ ਦੀ ਪਹੁੰਚ ,ਬਾਣੀ ਨਾਲ ਜੁੜਾਵ, ਇਹ ਸਭ ਮੈਂ ਪਰਖ ਚੁਕਿਆ ਹਾਂ । ਇਸ ਨਾਲ ਹਰ ਤਰਾਂ ਦਾ ਭਰਮ ਭੁਲੇਖਾ ਜੀਵਨ ਵਿੱਚੋਂ ਨਿੱਕਲ ਜਾਂਦਾ ਹੈ॥ ।੨॥

ਉਸ ਦਾਤੇ ਦਾ ,ਉਸ ਵਾਹਿਗੁਰੂ ਕਰਤਾਰ ਦਾ ਨਾਮ ਇੰਨਾ ਉੱਚਾ ਹੈ ਕਿ ਜਿਸ ਨੂੰ ਕੋਈ ਹੋਰ ਛੋਹ ਨਹੀਂ ਸਕਦਾ। ਉਸ ਦੇ ਨਾਮ ਵਿੱਚ ਖਜਾਨਿਆਂ ਦੇ ਭੰਡਾਰ ਭਰੇ ਹਨ। ਉਹ ਪ੍ਰਭੂ ਪਰਮਾਤਮਾ ਆਦਿ ਵੀ ਮਦ ਵੀ ਤੇ ਅੰਤ ਵੀ ਹੈ। ਇਸ ਤੋਂ ਇਲਾਵਾ ਉਸ ਦੇ ਕੋਈ ਮੁਕਾਬਲੇ ਤੇ ਖੜਾ ਵੀ ਨਹੀਂ ਹੋ ਸਕਦਾ॥੩॥

ਹੇ! ਮੇਰੇ ਪ੍ਰਭੂ ,ਹੇ ਮੇਰੇ ਹਰੀ ਮੈਂ ਦੀਨ ਦੁਖੀ ਆਪ ਜੀ ਅੱਗੇ ਬੇਨਤੀ ਕਰਦਾ ਹਾਂ ਕਿ ਮੈਨੂੰ ਸਾਧ ਸੰਗਤ ਭਾਵ ਗੁਰੂ ਦੀ ਸੰਗਤ ਨਾਲ ਜੋੜ ਦਿਓ । ਹੇ !ਮੇਰੇ ਦਾਤਾ, ਦਾਸ ਨਾਨਕ ਆਪ ਜੀ ਕੋਲੋਂ ਇੱਕ ਵਸਤ ਦਾਨ ਵਿੱਚ ਮੰਗਦਾ ਹੈ ਤੇ ਉਹ ਹੈ ਕਿ ਮੈਂ ਆਪ ਜੀ ਨੂੰ ਸਦਾ ਸਦਾ ਧਿਆਉਂਦਾ ਰਹਾਂ ,ਆਪ ਜੀ ਦਾ ਜਾਪ ਕਰਦਾ ਰਹਾਂ॥੪॥

ਮਾਝ ਮਹਲਾ ੫ ॥

ਐਥੈ ਤੂੰਹੈ ਆਗੈ ਆਪੇ ॥ ਜੀਅ ਜੰਤ੍ਰ ਸਭਿ ਤੇਰੇ ਥਾਪੇ ॥ ਤੁਧੁ ਬਿਨੁ ਅਵਰੁ ਨ ਕੋਈ ਕਰਤੇ ਮੈ ਧਰ ਓਟ ਤੁਮਾਰੀ ਜੀਉ ॥੧॥ ਰਸਨਾ ਜਪਿ ਜਪਿ ਜੀਵੈ ਸੁਆਮੀ ॥ ਪਾਰਬ੍ਰਹਮ ਪ੍ਰਭ ਅੰਤਰਜਾਮੀ ॥ ਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ ਸੋ ਜਨਮੁ ਨ ਜੂਐ ਹਾਰੀ ਜੀਉ ॥੨॥ ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ ॥ ਜਨਮ ਜਨਮ ਕਾ ਰੋਗੁ ਗਵਾਇਆ ॥ ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ ॥੩॥ ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ ॥ ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ॥ ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥੪॥੩੯॥੪੬॥ {ਪੰਨਾ 107-108}

ਹੇ ਅਕਾਲ ਪੁਰਖ! ਤੂੰ ਇਥੇ ਉਥੇ ਦੋਵੇਂ ਥਾਏ ਹੈਂ, ਭਾਵ ਭਾਵ ਲੋਕ ਪਰਲੋਕ ਦੋਨਾਂ ਥਾਵਾਂ ਤੇ ਬਿਰਾਜਮਾਨ ਹੈਂ। ਕੁਦਰਤ ਦੇ ਸਾਰੇ ਜੀਵ ਜੰਤੂ ਆਪ ਜੀ ਨੇ ਹੀ ਬਣਾਏ ਹਨ ,ਸਿਰਜਹਿਰਦੇ। ਆਪ ਜੀ ਤੋ ਬਿਨਾਂ ਕੋਈ ਹੋਰ ਇਹ ਕਾਰਜ ਸੰਪੰਨ ਨਹੀਂ ਕਰ ਸਕਦਾ। ਮੈਨੂੰ ਆਪ ਜੀ ਦਾ ਹੀ ਟੇਕ ਆਸਰਾ ਹੈ॥੧॥

ਹੇ ਮੇਰੇ ਮਾਲਕ! ਮੈਂ ਆਪਣੀ ਰਸਨਾ ਤੋਂ ਆਪ ਦਾ ਨਾਮ ਜਪ ਜਪ ਕੇ ਜਿਉਂਦਾ ਹਾਂ। ਮੇਰੇ ਅੰਤਰਯਾਮੀ ! ਤੈਨੂੰ ਹਰ ਪਦਾਰਥ ਦਾ ਬੋਧ ਹੈ। ਜਿਸ ਨੇ ਤੇਰਾ ਨਾਮ ਜਪਿਆ ਉਸ ਨੇ ਹੀ ਸੁਖ ਪਾਇਆ ਇਸ ਤਰਾਂ ਉਹਨੇ ਆਪਣਾ ਜੀਵਨ ਸਫਲਾ ਕਰ ਲਿਆ ਨਾ ਕਿ ਜੂਏ ਵਿੱਚ ਹਾਰਿਆ॥੨॥

ਹੇ ਮੇਰੇ ਗੋਬਿੰਦ! ਜਿਸ ਨੇ ਤੇਰਾ ਨਾਮ ਜਪਿਆ ਉਸ ਨੇ ਅਸਲ ਵਿੱਚ ਤੇਰੇ ਨਾਮ ਰੂਪੀ ਦਵਾਈ ਖਾਦੀ ਇਸ ਦਵਾਈ ਦੇ ਖਾਣ ਨਾਲ ਜਨਮਾਂ ਜਨਮਾਂਤਰਾਂ ਦੀ ਬਿਮਾਰੀਆਂ ,ਦੁਖ ਦਰਦ ਦੂਰ ਹੋ ਗਏ ਹਨ (ਵਿਕਾਰ)। ਦਿਨ ਰਾਤ ਆਪ ਜੀ ਦੇ ਨਾਮ ਦਾ ਕੀਰਤਨ ਕਰਨ ਵਾਲਾ ਹੀ ਸਫਲ ਮਨੁੱਖ ਮੰਨਿਆ ਜਾਂਦਾ ਹੈ॥੩॥

ਆਪ ਜੀ ਇੰਨੇ ਮਿਹਰਬਾਨ ਹੋ ਕਿ ਜਿਸ ਉੱਤੇ ਆਪ ਨਜ਼ਰ ਏ ਇਨਾਇਤ ਕਰ ਦਿੰਦੇ ਹੋ, ਉਸ ਦਾਸ ਦਾ ਜੀਵਨ ਸਵਾਰ ਦਿੰਦੇ ਹੋ। ਮੈਂ ਹਰ ਘੱਟ, ਭਾਵ ਹਰ ਜੀਵ ਜਿਸਦੇ ਅੰਦਰ ਆਪ ਜੀ ਸਮਾਏ ਹੋ ਨੂੰ ਨਮਸਕਾਰ ਕਰਦਾ ਹਾਂ। ਮੈਂ ਦਾਸ ਨਾਨਕ! ਨੇ ਇੱਕੋ ਹੀ ਸਾਰ ਕੱਢਿਆ ਹੈ ਕਿ ਹੇ ਦਾਤਾ! ਹੇ ਅਕਾਲ ਪੁਰਖ! ਤੇਰੇ ਇੱਕ ਤੋਂ ਬਿਨਾਂ ਕੋਈ ਹੋਰ ਨਹੀਂ ਹੈ॥੪॥

## ਅੰਗ 108

ਮਾਝ ਮਹਲਾ ੫ ॥ ਮਨੁ ਤਨੁ ਰਤਾ ਰਾਮ ਪਿਆਰੇ ॥ ਸਰਬਸੁ ਦੀਜੈ ਅਪਨਾ ਵਾਰੇ ॥ ਆਠ ਪਹਰ ਗੋਵਿੰਦ ਗੁਣ ਗਾਈਐ ਬਿਸਰੁ ਨ ਕੋਈ ਸਾਸਾ ਜੀਉ ॥੧॥ ਸੋਈ ਸਾਜਨ ਮੀਤੁ ਪਿਆਰਾ ॥ ਰਾਮ ਨਾਮੁ ਸਾਧਸੰਗਿ ਬੀਚਾਰਾ ॥ ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥੨॥ ਚਾਰਿ ਪਦਾਰਥ ਹਰਿ ਕੀ ਸੇਵਾ ॥ ਪਾਰਜਾਤੁ ਜਪਿ ਅਲਖ ਅਭੇਵਾ ॥ ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥੩॥ ਪੂਰਨ ਭਾਗ ਭਏ ਜਿਸੁ ਪ੍ਰਾਣੀ ॥ ਸਾਧਸੰਗਿ ਮਿਲੇ ਸਾਰੰਗਪਾਣੀ ॥ ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ ॥੪॥੪੦॥੪੭॥ {ਪੰਨਾ 108}

ਭਾਵ ਅਰਥ:-

ਇਹ ਭਾਈ! ਜੇ ਆਪਣਾ ਆਪ ਉਸ ਪ੍ਰਭੂ ਪਰਮਾਤਮਾ ਦੇ ਉਪਰੋਂ ,ਉਹਦੇ ਨਾਮ ਦੇ ਉੱਤੋਂ, ਵਾਰ ਦਵੋ ਤਾਂ ਉਸ ਦੇ ਰੰਗ ਵਿੱਚ ਰੰਗਿਆ ਜਾ ਸਕਦਾ ਹੈ। ਇਸ ਲਈ ਅੱਠੇ ਪਹਿਰ ਉਸ ਕਰਨ ਕਰਾਵਣਹਾਰ ਦਾ ਨਾਮ ਹਰ ਸਾਹ ਨਾਲ ਸਿਮਰਨਾ ਕਰ ਤਾਂ ਕਿ ਉਸ ਨੂੰ ਇੱਕ ਪਲ ਵੀ ਨਾ ਵਿਸਾਰਿਆ ਜਾ ਸਕੇ॥੧॥

ਉਹੀ ਰਾਮ ਸਾਡਾ ਸੱਜਣ ਮਿੱਤਰ ਪਿਆਰਾ ਹੈ ,ਜਿਸ ਦੇ ਨਾਮ ਨੂੰ ਅਸੀਂ ਸਾਧ ਸੰਗਤ ਵਿੱਚ ਬੈਠ ਕੇ ਵਿਚਾਰਦੇ ਹਾਂ। ਸਾਧ ਸੰਗਤ ਦੀ ਇੰਨੀ ਮਹਿਮਾ ਹੈ ਕਿ ਇਸ ਵਿੱਚ ਬੈਠ ਕੇ ਰਾਮ ਨਾਮ ਜਪਣ ਨਾਲ ਇਸ ਬਿਖੜੇ ਜੀਵਨ ਦੇ ਅਥਾਹ ਸਾਗਰ ਨੂੰ ਪਾਰ ਕਰ ਸਕਦੇ ਹਾਂ ਅਤੇ ਜਮਾਂ ਦੀ ਫਾਹੀ ਕੱਟੀ ਜਾ ਸਕਦੀ ਹੈ ਭਾਵ ਆਤਮਿਕ ਮੌਤ ਤੋਂ ਬਚ ਸਕਦੇ ਹਾਂ॥੨॥

ਉਸ ਹਰੀ ਪ੍ਰਭੂ ਦੀ ਭਗਤੀ ਵਿੱਚੋਂ ਅਸੀਂ ਮੁੱਖ ਤੌਰ ਤੇ ਚਾਰ ਪਦਾਰਥਾਂ ਦੀ ਮੰਗ ਕਰਦੇ ਹਾਂ ਜਿਵੇਂ ਧਰਮ, ਅਰਥ, ਕਾਮ ਤੇ ਮੋਕਸ਼ । ਹੇ! ਭਾਈ ਉਹ ਪ੍ਰਭੂ ਜਿਹੜਾ ਸਾਡੀਆਂ ਗਿਆਨ ਇੰਦਰੀਆਂ ਤੋਂ ਦੂਰ ਹੈ, ਜਿਸ ਦਾ ਸੰਪੂਰਨ ਭੇਦ ਨਹੀਂ ਪਾਇਆ ਜਾ ਸਕਦਾ, ਉਹੀ ਸਾਡੀਆਂ ਕਾਮਨਾਵਾਂ ਦਾ ਪਾਰਜਾਤ ਰੁੱਖ ਹੈ। ਗੁਰੂ ਦੀ ਸ਼ਰਨ ਵਿੱਚ ਪੈਣ ਨਾਲ ਭਾਵ ਪ੍ਰਭੂ ਤੱਕ ਪਹੁੰਚ ਹੋਣ ਨਾਲ ਕਾਮ ਕ੍ਰੋਧ ਤੇ ਹਰ ਤਰ੍ਹਾਂ ਦੇ ਪਾਪ ਦੁਖ ਦਲਿਦਰ ਸੰਪੂਰਨ ਤੌਰ ਤੇ ਕੱਟੇ ਜਾਂਦੇ ਹਨ ਤੇ ਹਰ ਤਰ੍ਹਾਂ ਦੀਆਂ ਆਸਾਂ ਉਮੀਦਾਂ ਪੂਰੀਆਂ ਹੁੰਦੀਆਂ ਹਨ॥੩॥

ਹੇ ਮੇਰੇ ਸਾਰੰਗ ਪਾਣੀ !ਜਿਸ ਪ੍ਰਾਣੀ ਦੇ ਭਾਗਾਂ ਵਿੱਚ ਤੂੰ ਲਿਖ ਦਿੰਨਾ ਹੈਂ ਉਸ ਨੂੰ ਹੀ ਗੁਰੂ ਦਾ ਮਾਰਗਦਰਸ਼ਨ ਮਿਲਦਾ ਹੈ। ਹੇ ਨਾਨਕ ਜਿਸਮਨੁੱਖ ਦੇ ਹਿਰਦੇ ਵਿੱਚ ਪਰਮਾਤਮਾ ਦਾ ਪਵਿੱਤਰ ਨਾਮ ਵਸ ਗਿਆ ਉਹ ਪ੍ਰਵਾਨ ਹੋ ਗਿਆ ਭਾਵ ਗ੍ਰਹਸਤੀ ਵਿੱਚ ਰਹਿੰਦੇ ਹੋਏ ਵੀ ਇੱਕ ਤਰਾਂ ਨਾਲ ਉਦਾਸ ਹੋ ਗਿਆ, ਉਦਾਸੀਨ ਹੋ ਗਿਆ ।

ਮਾਝ ਮਹਲਾ ੫ ॥

ਸਿਮਰਤ ਨਾਮੁ ਰਿਦੈ ਸੁਖੁ ਪਾਇਆ ॥ ਕਰਿ ਕਿਰਪਾ ਭਗਤੀ= ਪ੍ਰਗਟਾਇਆ ॥ ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ ॥੧॥ ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ ॥ ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥ ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ ॥੨॥ ਖਿਨ ਮਹਿ ਥਾਪਿ ਉਥਾਪਨਹਾਰਾ ॥ ਆਪਿ ਇਕੰਤੀ ਆਪਿ ਪਸਾਰਾ ॥ ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥੩॥ ਅੰਚਲਿ ਲਾਇ ਸਭ ਸਿਸਟਿ ਤਰਾਈ ॥ ਆਪਣਾ ਨਾਉ ਆਪਿ ਜਪਾਈ ॥ ਗੁਰ ਬੋਹਿਥੁ ਪਾਇਆ ਕਿਰਪਾ ਤੇ ਨਾਨਕ ਧੁਰਿ ਸੰਜੋਗਾ ਜੀਉ ॥੪॥੪੧॥੪੮॥ {ਪੰਨਾ 108}

ਭਾਵ ਅਰਥ:-

ਹੇ ਵੀਰੋ! ਨਾਮ ਸਿਮਰਨ ਨਾਲ ਮਨ ਸੁਖੀ ਅਤੇ ਸ਼ਾਂਤ ਹੁੰਦਾ ਹੈ। ਇਹ ਕਿਰਪਾ ਉਸ ਸਤਿਗੁਰ ਸੱਚੇ ਪਾਤਸ਼ਾਹ ਤੋਂ ਹੀ ਹੁੰਦੀ ਹੈ ਤਾਂ ਹੀ ਉਸਦੇ ਭਗਤ ਦੁਨੀਆਂ ਵਿੱਚ ਜਾਣੇ ਜਾਂਦੇ ਹਨ। ਸਾਧ ਸੰਗਤ ਵਿੱਚ ਬੈਠ ਹਰੀ ਪ੍ਰਭੂ ਦੀ ਲਿਵ ਲਾਉਣ ਨਾਲ ਸਾਰੇ ਤਰ੍ਹਾਂ ਦੇ ਦੁੱਖ ਦਲਿਤਰ ਤੇ ਰੋਗ ਦੂਰ ਹੋ ਜਾਂਦੇ ਹਨ॥੧॥

ਜਿਸ ਦੇ ਘਰ ਵਿੱਚ ਅਕਾਲ ਪੁਰਖ ਦੇ ਨਾਮ ਦੀ ਬੰਦਗੀ ਸਰੂਪ ਨੌ ਨਿਧੀਆਂ ਪ੍ਰਾਪਤ ਹੋਣ ਉਸ ਨੂੰ ਇਹਨਾਂ ਦੀ ਪ੍ਰਾਪਤੀ ਪੂਰਵਲੇ ਕਰਮਾਂ ਤੋਂ ਹੀ ਹੁੰਦੀ ਹੈ। ਹੇ ਭਾਈ! ਉਹ ਪਰਮੇਸ਼ਵਰ ਸਰਬ ਉੱਤਮ ਹਰ ਪਦਾਰਥ ਦਾ ਗਿਆਤਾ ਹੈ ਤੇ ਹਰ ਕਰਮ ਦੇ ਆਪ ਹੀ ਯੋਗ ਹੈ ਭਾਵ ਜੋ ਕੁਝ ਵੀ ਹੁੰਦਾ ਹੈ ਉਸ ਦੇ ਹੁਕਮ ਅੰਦਰ ਹੀ ਹੁੰਦਾ ਹੈ॥੨॥

ਉਹ ਪਲ ਛਿਨ ਵਿੱਚ ਹੀ ਉਸਾਰਨ ਵਾਲਾ ਹੈ ਤੇ ਇਹਨੇ ਹੀ ਸਮੇਂ ਵਿੱਚ ਉਜਾੜਨ ਵਾਲਾ ਹੈ। ਓਹੋ ਸਰਗੁਣ ਸਰੂਪ ਵੀ ਹੈ ਤੇ ਨਿਰਗੁਣ ਸਰੂਪ ਵੀ ਹੈ । ਉਸਦਾ ਅਜਿਹਾ ਪ੍ਰਭਾਵ ਹੈ ਕਿ ਇੱਕ ਵਾਰ ਹੋਏ ਦਰਸ਼ਨਾਂ ਦਾ ਪ੍ਰਭਾਵ ਨਹੀਂ ਮਿਟ ਸਕਦਾ ਅਤੇ ਵਿਯੋਗ ਅਤੇ ਵਿਛੋੜਾ ਪੈ ਜਾਵੇ॥੩॥

ਉਹ ਪ੍ਰਭੂ ਪਰਮਾਤਮਾ ਕੁਦਰਤ ਦੇ ਜੀਵਾਂ ਨੂੰ ਆਪਣੇ ਅੰਗ ਲਾ ਕੇ, ਇਸ ਸੰਸਾਰ ਸਾਗਰ ਤੋਂ ਪਾਰ ਉਤਾਰਦਾ ਹੈ ਤੇ ਆਪਣੇ ਨਾਮ ਦਾ ਜਾਪ ਵੀ ਆਪ ਹੀ ਕਰਵਾਉਂਦਾ ਹੈ। ਇਸ ਤਰਾਂ ਭਾਗਾਂ ਨਾਲ ਗੁਰੂ ਮਿਲਦਾ ਹੈ ਜੋ ਕਿ ਬੇੜੇ ਦਾ ਕੰਮ ਕਰਦਾ ਹੈ ਤੇ ਜੀਵਾਂ ਨੂੰ ਸੰਸਾਰ ਸਾਗਰ ਤੋਂ ਪਾਰ ਉਤਾਰਨ ਦਾ (ਪ੍ਰਭੂ ਨਾਲ ਮਿਲਾਕੇ)ਕੰਮ ਕਰਦਾ ਹੈ॥੪॥

ਮਾਝ ਮਹਲਾ ੫ ॥ ਸੋਈ ਕਰਣਾ ਜਿ ਆਪਿ ਕਰਾਏ ॥ ਜਿਥੈ ਰਖੈ ਸਾ ਭਲੀ ਜਾਏ ॥ ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥੧॥ ਸਭ ਪਰੋਈ ਇਕਤੁ ਧਾਗੈ ॥ ਜਿਸੁ ਲਾਇ ਲਏ ਸੋ ਚਰਣੀ ਲਾਗੈ ॥ ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥੨॥ ਤੇਰੀ ਮਹਿਮਾ ਤੂੰਹੈ ਜਾਣਹਿ ॥ ਅਪਣਾ ਆਪੁ ਤੂੰ ਆਪਿ ਪਛਾਣਹਿ ॥ ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥੩॥ ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥ ਜਿਨ ਦੇਖੇ ਸਭ ਉਤਰਹਿ ਕਲਮਲ ॥ ਨਾਨਕ ਨਾਮੁ ਧਿਆਇ ਧਿਆਇ ਜੀਵੈ ਬਿਨਸਿਆ ਭ੍ਰਮੁ ਭਉ ਧੀਠਾ ਜੀਉ ॥੪॥੪੨॥੪੯॥ {ਪੰਨਾ 108}

ਭਾਵ ਅਰਥ:-

ਬੰਦਾ ਉਹੀ ਕਾਰਜ ਕਰਦਾ ਹੈ ਜੋ ਪਰਮਾਤਮਾ ਕਰਵਾਉਂਦਾ ਹੈ ਜਿੱਥੇ ਉਹ ਰੱਖਦਾ ਹੈ ਉਸ ਨੂੰ ਹੀ ਭਾਣਾ ਮੰਨਣਾ ਚਾਹੀਦਾ ਹੈ ਤੇ ਉਸ ਪ੍ਰਭੂ ਪਰਮਾਤਮਾ ਦੇ ਸਦਾ ਹੀ ਸ਼ੁਕਰਾਨੇ ਵਿੱਚ ਰਹਿਣਾ ਚਾਹੀਦਾ ਹੈ। ਅਜਿਹਾ ਸੋਚਣ ਵਾਲਾ ਹੀ ਮਨੁੱਖ ਪਤਵੰਤਾ ਹੈ ਸਮਝਦਾਰ ਹੈ ਸਿਆਣਾ ਹੈ ਇੱਜਤਦਾਰ ਹੈ॥੧॥

ਸਾਰੀ ਸ੍ਰਿਸ਼ਟੀ ਨੂੰ ਉਸ ਅਕਾਲ ਪੁਰਖ ਨੇ ਇਕ ਸਿਸਟਮ ਦੇ ਤਹਿਤ ਧਾਗੇ ਵਿੱਚ ਪ੍ਰੋ ਰੱਖਿਆ ਹੈ, ਜਿਸ ਉੱਤੇ ਮਿਹਰਬਾਨ ਹੁੰਦਾ ਹੈ ਉਸਨੂੰ ਆਪਣੇ ਚਰਨਾਂ ਨਾਲ ਲਾ ਲੈਂਦਾ ਹੈ। ਜਿਸ ਬੇਮੁਖ ਉੱਤੇ ਨਿਰੰਜਨ ਪ੍ਰਭੂ ਦੀ ਨਜ਼ਰ ਸਵੱਲੀ ਹੋ ਜਾਂਦੀ ਹੈ ਉਹ ਵੀ ਨਾਮ ਨਾਲ ਜੁੜ ਜਾਂਦਾ ਹੈ॥੨॥

ਹੇ ਮੇਰੇ ਗੋਬਿੰਦ ! ਤੇਰੀ ਬਰਕਤ ਤੇਰਾ ਫੈਲਾਵ ਸਭ ਕੁਝ ਤੂੰ ਆਪ ਹੀ ਜਾਣਦਾ ਹੈਂ ਤੇ ਆਪਣੇ ਆਪ ਨੂੰ ਆਪ ਹੀ ਪਛਾਣਦਾ ਹੈ। ਮੈਂ ਤਾਂ ਤੇਰੇ ਉਨ੍ਹਾਂ ਸੰਤਾਂ ਤੋਂ ਵਾਰੀ ਵਾਰੀ ਜਾਂਦਾ ਹਾਂ ਜਿਨਾਂ ਨੇ ਵਿਕਾਰਾਂ ਉੱਤੇ ਕਾਬੂ ਪਾ ਲਿਆ ਹੈ ਜੀਉ॥ ।੩॥

ਹੇ ਮੇਰੇ ਕਰਤਾਰ ਤੂੰ ਆਪ ਨਿਰਵੈਰ ਹੈ ਕਿਸੇ ਨਾਲ ਵੈਰ ਭਾਵ ਨਹੀਂ ਰੱਖਦਾ ਤੇ ਤੇਰੇ ਸੰਤ ਵੀ ਪਾਵਨ ਪਵਿੱਤਰ ਹਿਰਦਾ ਰੱਖਦੇ ਹਨ ।ਉਹਨਾਂ ਦੇ ਦਰਸ਼ਨ ਦੀਦਾਰੇ ਕਰਨ ਨਾਲ ਹੀ ਸਾਰੇ ਪਾਪ ਉਤਰ ਜਾਂਦੇ ਹਨ। ਹੇ ਨਾਨਕ! ਮੈਂ ਤੇਰਾ ਨਾਮ ਧਿਆ ਕੇ ਹੀ ਜੀ ਰਿਹਾ ਹਾਂ ਜਿਸ ਨਾਲ ਮੇਰੇ ਸਾਰੇ ਭਰਮ ਭੁਲੇਖੇ ਮਿਟ ਗਏ ਹਨ॥੩॥



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
ਰਾਜਿੰਦਰ ਟਾਂਡਾ
Address: 159 Darcy Pkwy Lathrop, CA 95330